Punjabi - ਪੰਜਾਬੀ ਦੇ

# Calgary Police Service

# ਕੈਲਗਰੀ ਪੁਲਿਸ ਸੇਵਾਵਾਂ ਦਾ ਇੱਕ ਗਾਈਡ



# ਕੈਲਗਰੀ ਪੁਲਿਸ ਸੇਵਾ ਦੇ ਜ਼ਿਲ੍ਹਾ ਦਫਤਰ

ਕੈਲਗਰੀ ਪੁਲਿਸ ਸੇਵਾ ਹੈਡਕੁਆਰਟਰ
ਵੈਸਟਵਿੰਡਜ਼
5111 47 ਸਟ੍ਰੀਟ ਐਨ. ਈ.
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ
ਸ਼ਨੀਵਾਰ ਅਤੇ ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-2200

ਡਿਸਟ੍ਰਿਕਟ 1 - ਰਾਮਸੇ
1010, 26 ਐਵੇਨਿਊ ਐਸ.ਈ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6100

ਡਿਸਟ੍ਰਿਕਟ 2 - ਰੌਸਕੈਰਕ
4506, 17 ਐਵੇਨਿਊ ਐਸ. ਡਬਲਿਊ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6200

ਡਿਸਟ੍ਰਿਕਟ 3 - ਨੌਰਥ ਹੇਵਨ
4303, 14 ਸਟ੍ਰੀਟ ਐਨ. ਡਬਲਿਊ
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6300

ਡਿਸਟ੍ਰਿਕਟ 4 - ਫਰੈਂਕਲਿੰਨ
3207, 12 ਐਵੇਨਿਊ ਐਨ. ਈ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6400

ਡਿਸਟ੍ਰਿਕਟ 5 - ਸੈਡਲ ਰਿੱਜ
800, ਸੈਡਲਟਾਊਨ ਸਰਕਲ ਐਨ. ਈ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6500

ਡਿਸਟ੍ਰਿਕਟ 6 - ਫੇਅਰਵਿਊ
8325, ਬੋਨਾਵੈਂਚਰ ਡਰਾਈਵ ਐਸ. ਈ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6600

ਡਿਸਟ੍ਰਿਕਟ 7 - ਕੰਟ੍ਰੀ ਹਿੱਲਜ਼
11955, ਕੰਟ੍ਰੀ ਵਿਲੇਜ ਲਿੰਕ ਐਨ. ਈ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6700

ਡਿਸਟ੍ਰਿਕਟ 8 - ਮਿਦਨਾਪੋਰ
450, ਮਿੱਡਪਾਰਕ ਵੇ ਐਸ. ਈ.
ਸੋਮਵਾਰ ਤੋਂ ਐਤਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ
ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-6800

ਏਅਰਪੋਰਟ ਕਾਰਪੋਰੇਟ ਸੈਂਟਰ
1601 ਏਅਰਪੋਰਟ ਰੋਡ ਐਨ. ਈ.
ਫੋਨ: 403-735-1200

ਚਿਨੂਕ ਸੈਂਟਰ ਮੌਲ
ਕਮਿਊਨਿਟੀ ਸਟੇਸ਼ਨ
6455 ਮੈਕਲਿਓਡ ਟ੍ਰੇਲ ਦੱਖਣ
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਤੋਂ ਸ਼ਾਮ 9 ਵਜੇ ਤੱਕ
ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ
ਐਤਵਾਰ ਨੂੰ ਬੰਦ
ਫੋਨ: 403-428-5810

ਮਾਰਕਿਟ ਮੌਲ, ਕਮਿਊਨਿਟੀ ਸਟੇਸ਼ਨ
3625 ਸ਼ੈਗਨਾਪੀ ਟ੍ਰੇਲ ਐਨ. ਡਬਲਿਊ
ਸੋਮਵਾਰ ਤੋਂ ਸ਼ਨੀਵਾਰ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ
ਐਤਵਾਰ ਨੂੰ ਬੰਦ
ਫੋਨ: 403-974-0511

ਵਿਕਟੋਰੀਆ ਪਾਰਕ ਸਟੇਸ਼ਨ
334 - 11 ਐਵੇਨਿਊ ਐਸ.ਈ. (ਡਾਊਨਟਾਊਨ)
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ
ਫੋਨ: 403-428-5500

ਸੀਪੀਐਸ ਟਰੈਫਿਕ ਸੈਕਸ਼ਨ
6528, 11 ਸਟ੍ਰੀਟ ਐਨ.ਈ.
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ ਸ਼ਾਮ 4 ਵਜੇ ਤੱਕ
ਸ਼ਨੀਵਾਰ, ਐਤਵਾਰ ਅਤੇ ਸਰਕਾਰੀ ਛੁੱਟੀਆਂ ਨੂੰ ਬੰਦ
ਫੋਨ: 403-428-4000

## ਭੂਮਿਕਾ

ਇਹ ਗਾਈਡ ਕੈਲਗਰੀ ਪੁਲਿਸ ਸਰਵਿਸ ਦੀ ਭੂਮਿਕਾ ਦੀ ਵਿਆਖਿਆ ਕਰੇਗਾ, ਜਿਸ ਵਿੱਚ ਸ਼ਾਮਲ ਹੈ:

- ਪੁਲਿਸ ਨੂੰ ਕਦੋਂ ਅਤੇ ਕਿਵੇਂ ਸੰਪਰਕ ਕਰਨਾ
- ਪੁਲਿਸ ਦੁਆਰਾ ਰੋਕੇ ਜਾਂ ਪੁੱਛਤਾਛ ਕੀਤੇ ਜਾਣ ਤੇ ਕੀ ਉਮੀਦ ਕਰਨਾ
- ਅਪਰਾਧ ਦੀ ਰੋਕਥਾਮ
- ਸੁਰੱਖਿਆ ਲਈ ਸੁਝਾਅ

## ਕੈਲਗਰੀ ਪੁਲਿਸ ਸੇਵਾ ਬਾਰੇ

ਕੈਲਗਰੀ ਪੁਲਿਸ ਸੇਵਾ ਕੈਲਗਰੀ ਲਈ ਨਗਰ ਨਿਗਮ ਪੁਲਿਸ ਸੇਵਾ ਹੈ।

ਅਸੀਂ ਸੇਵਾ ਅਦਾਰਿਆਂ ਅਤੇ ਕੈਲਗਰੀ ਦੇ ਨਾਗਰਿਕਾਂ ਦੇ ਨਾਲ ਮਿਲ ਕੇ ਉਹਨਾਂ ਲੋਕਾਂ ਦੀ ਰੱਖਿਆ ਕਰਦੇ ਹਾਂ ਜੋ ਇੱਥੇ ਰਹਿੰਦੇ, ਕੰਮ ਕਰਦੇ ਅਤੇ ਘੁੰਮਣ ਆਉਂਦੇ ਹਨ ਅਤੇ ਜਿਨਾਂ ਸੰਭਵ ਹੋ ਸਕੇ ਆਪਣੇ ਸ਼ਹਿਰ ਨੂੰ ਸੁਰੱਖਿਅਤ ਬਣਾਉਣ ਲਈ ਕੰਮ ਕਰਦੇ ਹਾਂ।

ਕੈਲਗਰੀ ਪੁਲਿਸ ਸੇਵਾ ਸਭ ਲੋਕਾਂ ਨਾਲ ਆਦਰ ਭਰਿਆ ਸਲੂਕ ਕਰਦੀ ਹੈ, ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕਿਥੋਂ ਆਏ ਹਨ ਜਾਂ ਕਿੰਨੇ ਚਿਰ ਤੋਂ ਕੈਨੇਡਾ ਵਿਚ ਰਹਿੰਦੇ ਹਨ।

ਕੈਲਗਰੀ ਪੁਲਿਸ ਸੇਵਾ ਇਸ ਲਈ ਜ਼ਿੰਮੇਵਾਰ ਹੈ:

- ਜੀਵਨ ਅਤੇ ਸੰਪਤੀ ਦੀ ਰੱਖਿਆ ਕਰਨ ਲਈ
- ਸ਼ਾਂਤੀ ਅਤੇ ਵਿਵਸਥਾ ਬਣਾਏ ਰੱਖਣ ਲਈ
- ਅਪਰਾਧ ਦੀ ਰੋਕਥਾਮ ਅਤੇ ਪੜਤਾਲ ਕਰਨ ਲਈ
- ਨਗਰ, ਸੂਬਾਈ ਅਤੇ ਸੰਘੀ ਕਾਨੂੰਨਾਂ ਨੂੰ ਲਾਗੂ ਕਰਨ ਲਈ

## ਕੈਲਗਰੀ ਪੁਲਿਸ ਸੇਵਾ ਨੂੰ ਸੰਪਰਕ ਕਰੋ

ਸੰਕਟਕਾਲੀਨ: 911

ਗੈਰ-ਐਮਰਜੈਂਸੀ: 403-266-1234

ਵੈੱਬਸਾਈਟ: www.calgarypolice.ca

ਟਵਿੱਟਰ: @calgarypolice

ਫੇਸਬੁੱਕ: Calgary Police Service

## ਵਿਵਿਧਤਾ ਸਰੋਤ ਟੀਮ

ਵਿਵਿਧਤਾ ਸਰੋਤ ਟੀਮ ਉਹਨਾਂ ਲੋਕਾਂ ਲਈ ਮੁੱਖ ਸੰਪਰਕ ਹੈ, ਜਿਹਨਾਂ ਦੀਆਂ ਆਪਣੇ ਸਭਿਆਚਾਰ ਦੇ ਕਾਰਨ ਖਾਸ ਲੋੜਾਂ ਹੋ ਸਕਦੀਆਂ ਹਨ। ਟੀਮ ਦਾ ਪ੍ਰਾਥਮਿਕ ਧਿਆਨ, ਸਿੱਖਿਆ ਅਤੇ ਰਿਸ਼ਤਿਆਂ ਦੇ ਨਿਰਮਾਣ ਦੇ ਜ਼ਰੀਏ, ਸੁਰੱਖਿਅਤ ਅਤੇ ਸੰਮਲਿਤ ਭਾਈਚਾਰੇ ਨੂੰ ਬਣਾਉਣ ਤੇ ਕੇਂਦ੍ਰਿਤ ਹੈ, ਅਤੇ ਹੋਰ ਪੁਲਿਸ ਅਧਿਕਾਰੀਆਂ ਅਤੇ ਨਾਗਰਿਕਾਂ ਦੇ ਨਾਲ ਕੰਮ ਕਰਕੇ ਭਾਈਚਾਰੇ ਦੀਆਂ ਕੋਈ ਵੀ ਚਿੰਤਾਵਾਂ ਨੂੰ ਹੱਲ ਕਰਨਾ ਹੁੰਦਾ ਹੈ।

ਹੇਠ ਦਿੱਤੇ ਭਾਈਚਾਰਿਆਂ ਨੂੰ ਵਿਵਿਧਤਾ ਸਰੋਤ ਟੀਮ ਦਾ ਇੱਕ ਸਦੱਸ, ਉਹਨਾਂ ਲਈ ਨਿਯੁਕਤ ਹੈ:

- ਆਦਿਵਾਸੀ
- ਅਫ਼ਰੀਕੀ
- ਕੈਰੀਬੀਅਨ ਅਤੇ ਲਾਤੀਨੀ ਅਮਰੀਕੀ
- ਮੱਧ ਪੂਰਵੀ ਅਤੇ ਯੂਰਪੀ
- ਦੱਖਣੀ ਏਸ਼ੀਆ
- ਦੱਖਣੀ-ਪੂਰਬੀ ਏਸ਼ੀਆ
- ਵਿਕਲਾਂਗ ਵਿਅਕਤੀਆਂ ਲਈ
- ਲਿੰਗ-ਰੁਚੀ ਅਤੇ ਲਿੰਗ ਵਿਵਿਧਤਾ
- ਵਿਵਿਧਤਾ ਸਿੱਖਿਆ
- ਨਫ਼ਰਤ ਅਪਰਾਧਾਂ ਦਾ ਸੰਚਾਲਕ

## ਪੁਲਿਸ ਅਧਿਕਾਰੀਆਂ ਨੂੰ ਕਿਵੇਂ ਪਛਾਣਨਾ ਹੈ

ਕੈਲਗਰੀ ਵਿੱਚ ਪੁਲਿਸ ਅਧਿਕਾਰੀ ਕਈ ਕਿਸਮਾਂ ਦੀਆਂ ਵੱਖ-ਵੱਖ ਵਰਦੀਆਂ ਪਾਂਦੇ ਹਨ। ਸਾਰੀਆਂ ਕੈਲਗਰੀ ਪੁਲਿਸ ਸੇਵਾ ਵਰਦੀਆਂ ਦੇ ਮੋਢੇ ਤੇ ਇੱਕ ਪੈਚ ਹੁੰਦਾ ਹੈ, ਜਿਸ ਉੱਤੇ "ਕੈਲਗਰੀ ਪੁਲਿਸ ਸਰਵਿਸ" ਅਤੇ ਪਿੱਠ ਤੇ ਸ਼ਬਦ "ਪੁਲਿਸ" ਲਿੱਖਿਆ ਹੁੰਦਾ ਹੈ।

ਸਾਰੀਆਂ ਪੁਲਿਸ ਕਾਰਾਂ ਵਿੱਚ ਨੀਲੀਆਂ ਅਤੇ ਲਾਲ ਬੱਤੀਆਂ ਗੱਡੀ ਦੀ ਡੈਸ਼, ਅਤੇ ਸਾਹਮਣੇ ਬੰਪਰ ਦੇ ਅੰਦਰ ਬਣੀਆਂ ਹੁੰਦੀਆਂ ਹਨ।

ਕਈ ਵਾਰੀ, ਹੋ ਸਕਦਾ ਹੈ ਕਿ ਤੁਸੀਂ ਪੁਲਿਸ ਅਧਿਕਾਰੀਆਂ ਨੂੰ ਮਿਲੋ, ਜਿਹਨਾਂ ਨੇ ਵਰਦੀ ਨਾ ਪਾਈ ਹੋਵੇ। ਉਹਨਾਂ ਨੂੰ ਇੱਕ ਬੈਜ ਅਤੇ ਫੋਟੋ ਪਛਾਣ ਰੱਖਣ ਦੀ ਲੋੜ ਹੁੰਦੀ ਹੈ। ਜੇ ਤੁਹਾਨੂੰ ਰੋਕਿਆ ਜਾਂਦਾ ਹੈ, ਜਾਂ ਜੇ ਕੋਈ ਤੁਹਾਨੂੰ ਦੱਸਦਾ ਹੈ ਕਿ ਉਹ ਇੱਕ ਪੁਲਿਸ ਅਧਿਕਾਰੀ ਹੈ, ਪਰ ਇਹ ਸਹੀ ਨਹੀ ਲਗਦਾ, ਤਾਂ ਤੁਸੀਂ ਉਹਨਾਂ ਦੀ ਪਛਾਣ ਵੇਖਣ ਲਈ ਮੰਗ ਕਰ ਸਕਦੇ ਹੋ।

ਕਿਸੇ ਸੰਕਟ ਸਥਿਤੀ ਵਿੱਚ, ਜਾਂ ਜੇ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਖਤਰੇ ਵਿੱਚ ਹੋ, ਤਾਂ ਤੁਸੀਂ 9-1-1 ਨੂੰ ਕਾਲ ਕਰ ਸਕਦੇ ਹੋ।

## ਕੈਨੇਡਾ ਵਿੱਚ ਤੁਹਾਡੇ ਹੱਕ

ਕੈਨੇਡਾ ਵਿੱਚ, ਚਾਰਟਰ ਆਫ਼ ਰਾਈਟਸ ਐਂਡ ਫ੍ਰੀਡਮਜ਼ ਸਾਡੇ ਸੰਵਿਧਾਨ ਦਾ ਹਿੱਸਾ ਹੈ ਅਤੇ ਇਹ ਹਰ ਕਿਸੇ ਨੂੰ ਕੁਝ ਖਾਸ ਅਧਿਕਾਰ ਨਿਸ਼ਚਿਤ ਰੂਪ ਨਾਲ ਦਿੰਦਾ ਹੈ।

ਜਦ ਪੁਲਿਸ ਨਾਲ ਨਜਿੱਠਣ ਦੀ ਗੱਲ ਆਂਦੀ ਹੈ, ਤਾਂ ਚਾਰਟਰ ਦੀ ਲੋੜ ਹੈ ਕਿ ਜੋ ਅਧਿਕਾਰੀ ਤੁਹਾਨੂੰ ਰੋਕਦਾ ਹੈ, ਉਸਨੂੰ ਤੁਹਾਨੂੰ ਇਹ ਦੱਸਣਾ ਪਏਗਾ ਕਿ ਉਹ ਤੁਹਾਨੂੰ ਕਿਉਂ ਰੋਕ ਰਿਹਾ ਹੈ। ਜੇ ਕਿਸੇ ਕਾਰਨ ਕਰਕੇ ਤੁਹਾਨੂੰ ਗ੍ਰਿਫਤਾਰ ਕਰ ਰਹੇ ਹਨ, ਕਿਉਕਿ ਉਹਨਾਂ ਦਾ ਮੰਨਣਾ ਹੈ ਕਿ ਤੁਸੀਂ ਇੱਕ ਅਪਰਾਧ ਕੀਤਾ ਹੈ, ਤਾਂ ਤੁਹਾਡਾ ਅਧਿਕਾਰ ਹੈ ਕਿ ਤੁਸੀਂ ਉਹਨਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਮਨਾ ਕਰ ਸਕਦੇ ਹੋ (ਪਰ, ਤੁਹਾਨੂੰ ਆਪਣੀ ਪਛਾਣ ਕਰਵਾਣਾ ਜ਼ਰੂਰੀ ਹੈ ਅਤੇ ਉਹਨਾਂ ਨਾਲ ਸ਼ਾਂਤੀ ਨਾਲ ਵਿਹਾਰ ਕਰਨਾ ਚਾਹੀਦਾ ਹੈ), ਅਤੇ ਤੁਹਾਡੇ ਕੋਲ ਇੱਕ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ, ਜਿੰਨੀ ਜਲਦੀ ਮੁਨਾਸਬ ਰੂਪ ਨਾਲ ਸੰਭਵ ਹੋਵੇ।

ਕੈਨੇਡਾ ਵਿੱਚ ਪੁਲਿਸ ਨਿਆਂ ਪ੍ਰਣਾਲੀ ਦਾ ਪਹਿਲਾ ਕਦਮ ਹੈ। ਜੋ ਕੋਈ ਵੀ ਪੁਲਿਸ ਦੁਆਰਾ ਗ੍ਰਿਫਤਾਰ ਕੀਤਾ ਜਾਂਦਾ ਹੈ, ਜਾਂ ਜਿਸਨੂੰ ਇੱਕ ਟਿਕਟ ਦਿੱਤੀ ਜਾਂਦੀ ਹੈ, ਨੂੰ ਤਾਂ ਤੱਕ ਨਿਰਦੋਸ਼ ਮੰਨਿਆ ਜਾਂਦਾ ਹੈ ਹੈ, ਜਦ ਤੱਕ ਇੱਕ ਸੁਤੰਤਰ ਅਦਾਲਤ ਉਹਨਾਂ ਨੂੰ ਇਕ ਜੁਰਮ ਦਾ ਦੋਸ਼ੀ ਪਾਂਦੀ ਹੈ ਜਾਂ ਉਹ ਦੋਸ਼ ਸਵੀਕਾਰ ਕਰ ਲੈਂਦੇ ਹਨ।

## ਕੈਲਗਰੀ ਪੁਲਿਸ ਸੇਵਾ ਨਾਲ ਕਿਵੇਂ ਸੰਪਰਕ ਕਰਨਾ ਹੈ

ਤੁਸੀਂ ਅਪਰਾਧ ਜਾਂ ਸ਼ੱਕੀ ਗਤਿਵਿਧੀ ਦੀ ਰਿਪੋਰਟ ਕਰਨ ਲਈ ਕੈਲਗਰੀ ਪੁਲਿਸ ਸੇਵਾ ਨਾਲ ਸੰਪਰਕ ਕਰ ਸਕਦੇ ਹੋ। ਕਿਸੇ ਐਮਰਜੈਂਸੀ ਸਥਿਤੀ ਵਿੱਚ, 9-1-1 'ਤੇ ਕਾਲ ਕਰੋ। ਇੱਕ ਐਮਰਜੈਂਸੀ ਵਿੱਚ ਸ਼ਾਮਲ ਹਨ:

- ਜਦ ਇੱਕ ਵਿਅਕਤੀ ਖਤਰੇ ਵਿੱਚ ਹੈ
- ਜਦ ਸੰਪਤੀ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਜਾਂ ਚੋਰੀ ਕੀਤੀ ਜਾ ਰਹੀ ਹੈ
- ਜਦ ਤੁਸੀਂ ਇੱਕ ਅਪਰਾਧ ਹੁੰਦਾ ਹੋਏ ਦੇਖਦੇ ਹੋ

ਜਦ ਤੁਸੀਂ 9-1-1 'ਤੇ ਕਾਲ ਕਰੋਗੇ, ਆਪਰੇਟਰ ਤੁਹਾਨੂੰ ਸਥਿਤੀ ਦੇ ਬਾਰੇ ਵਿਸਤਾਰ ਨਾਲ ਪੁੱਛੇਗਾ। ਜੇ ਤੁਸੀਂ ਅੰਗਰੇਜ਼ੀ ਬੋਲਣ ਵਿੱਚ ਅਸਮਰੱਥ ਹੋ, ਤਾਂ ਆਪਰੇਟਰ ਨੂੰ ਦੱਸੋ ਤੁਸੀਂ ਜੋ ਭਾਸ਼ਾ ਬੋਲਦੇ ਹੋ, ਅਤੇ ਉਹ ਤੁਹਾਨੂੰ ਇੱਕ ਦੁਭਾਸ਼ੀਏ ਦੇ ਨਾਲ ਜੋੜ ਦੇਣਗੇ। ਜੇ ਤੁਸੀਂ ਗੱਲ ਕਰਨ ਲਈ ਅਸਮਰੱਥ ਹੋ, ਤਾਂ ਆਪਰੇਟਰ ਤੁਰੰਤ ਇੱਕ ਪੁਲਿਸ ਅਧਿਕਾਰੀ ਨੂੰ ਉਸ ਪਤੇ ਤੇ ਜਿੱਥੇ ਉਹ ਫੋਨ ਸਥਿਤ ਹੈ, ਇਹ ਨਿਸ਼ਚਿਤ ਕਰਨ ਲਈ ਭੇਜੇਗਾ ਕਿ ਹਰ ਕੋਈ ਸੁਰੱਖਿਅਤ ਹੈ।

ਆਪਣੇ ਬੱਚੇ ਨੂੰ ਸਮਝਾਓ ਕਿਵੇਂ ਅਤੇ ਕਦੋਂ 9-1-1 ਤੇ ਕਾਲ ਕਰਨੀ ਹੈ।

ਜੇ ਤੁਸੀਂ ਗਲਤੀ ਨਾਲ 9-1-1 ਡਾਇਲ ਕਰ ਦਿੰਦੇ ਹੋ, ਤਾਂ ਕਿਰਪਾ ਕਰਕੇ ਲਾਈਨ 'ਤੇ ਰਹੋ ਅਤੇ ਆਪਰੇਟਰ ਨੂੰ ਵਿਸਤਾਰ ਨਾਲ ਸਮਝਾਓ। ਜੇ ਤੁਸੀਂ ਫੋਨ ਕੱਟ ਦਿੰਦੇ ਹੋ, ਤਾਂ ਪੁਲਿਸ ਇਹ ਨਿਸ਼ਚਿਤ ਕਰਨ ਲਈ ਕਿ ਤੁਸੀਂ ਸੁਰੱਖਿਅਤ ਹੋ, ਉੱਥੇ ਆ ਸਕਦੀ ਹੈ।

ਇੱਕ ਗੈਰ-ਐਮਰਜੈਂਸੀ ਸਥਿਤੀ ਵਿੱਚ ਕੈਲਗਰੀ ਪੁਲਿਸ ਸਰਵਿਸ ਨਾਲ ਗੱਲ ਕਰਨ ਲਈ (403) 266-1234 ਤੇ ਫੋਨ ਕਰੋ।

ਜੇਕਰ ਤੁਹਾਨੂੰ ਸੁਰੱਖਿਆ ਚਿੰਤਾਵਾਂ ਹਨ ਤਾਂ ਪੁਲੀਸ ਨੂੰ ਕਾਲ ਕਰਨ ਤੋਂ ਡਰੋ ਨਹੀਂ। ਪੁਲਿਸ ਨੂੰ ਕਾਲ ਕਰਨਾ ਤੁਹਾਡੀ ਇਮੀਗ੍ਰੇਸ਼ਨ ਸਥਿਤੀ ਤੇ ਅਸਰ ਨਹੀਂ ਪਾਵੇਗਾ।

# ਕ੍ਰਾਈਮ ਸਟੌਪਰਜ਼

ਕ੍ਰਾਈਮ ਸਟੌਪਰਜ਼ ਇੱਕ ਗੈਰ-ਮੁਨਾਫ਼ਾ, ਖ਼ੈਰਾਤੀ ਪ੍ਰੋਗਰਾਮ ਹੈ ਜਿਸਨੂੰ ਭਾਈਚਾਰੇ ਦੇ ਵਲੰਟੀਅਰਾਂ ਦੁਆਰਾ ਚਲਾਇਆ ਜਾਂਦਾ ਹੈ। ਇਹ ਪ੍ਰੋਗਰਾਮ ਅਪਰਾਧ ਦੇ ਖਿਲਾਫ ਲੜਾਈ ਵਿੱਚ ਜਨਤਾ ਨੂੰ ਸ਼ਾਮਲ ਕਰਨ ਲਈ ਤਿਆਰ ਕੀਤਾ ਗਿਆ ਹੈ। ਕ੍ਰਾਈਮ ਸਟੌਪਰਜ਼ ਨਾਗਰਿਕਾਂ ਨੂੰ ਅਗਿਆਤ ਢੰਗ ਨਾਲ ਅਪਰਾਧ ਜਾਂ ਇੱਕ ਸ਼ੱਕੀ ਅਪਰਾਧ ਬਾਰੇ ਪੁਲਿਸ ਨੂੰ ਜਾਣਕਾਰੀ ਦੇਣ ਲਈ ਇੱਕ ਤਰੀਕਾ ਪ੍ਰਦਾਨ ਕਰਦਾ ਹੈ। ਕ੍ਰਾਈਮ ਸਟੌਪਰਜ਼ ਨੂੰ ਦਿੱਤੇ ਗਏ ਟਿਪਸ ਅਗਿਆਤ ਹੋਣ ਦੀ ਗਾਰੰਟੀ ਹੈ। ਕ੍ਰਾਈਮ ਸਟੌਪਰਜ਼ ਕੋਲ ਕਾਲ ਡਿਸਪਲੇਅ ਜਾਂ ਕਿਸੇ ਵੀ ਟੈਲੀਫ਼ੋਨ ਤੇ ਕਾਲ ਟਰੇਸ ਨਹੀਂ ਹੈ, ਅਤੇ ਉਹ ਕੋਈ ਵੀ ਕਾਲ ਰਿਕਾਰਡ ਨਹੀਂ ਕਰਦੇ। ਕ੍ਰਾਈਮ ਸਟੌਪਰਜ਼ ਦੁਆਰਾ ਟਿੱਪ ਹੇਠ ਦਿੱਤੇ ਵਿਚੋਂ ਕਿਸੇ ਵੀ ਇੱਕ ਢੰਗ ਨਾਲ ਦਿੱਤੀ ਜਾ ਸਕਦੀ ਹੈ:

**ਗੱਲਬਾਤ:** 1-800-222-8477
**ਟੈਕਸਟ:** ttTIPS 274637 ਤੇ
**ਵੈੱਬਸਾਈਟ:** www.calgarycrimestoppers.org



## ਡਰਾਈਵਿੰਗ ਅਤੇ ਆਵਾਜਾਈ ਨਿਯਮ

ਕੈਨੇਡਾ ਵਿੱਚ ਇੱਕ ਵਾਹਨ ਨੂੰ ਚਲਾਉਣ ਲਈ (ਇੱਕ ਕਾਰ, ਮੋਟਰਸਾਈਕਲ ਜਾਂ ਵਪਾਰਕ ਵਾਹਨ ਸਮੇਤ) ਇੱਕ ਜਾਇਜ਼ ਆਪਰੇਟਰ ਦੇ ਲਾਇਸੰਸ ਦੀ ਲੋੜ ਹੈ(ਆਮ ਤੌਰ ਤੇ ਇਸਨੂੰ ਡਰਾਈਵਰ ਲਾਇਸੰਸ ਕਿਹਾ ਜਾਂਦਾ ਹੈ)। ਇਹ ਕਿਸੇ ਵੀ ਮੋਟਰ ਵਾਹਨ ਰਿਜਸਟਰੀਆਂ ਦੇ ਦਫ਼ਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਆਪ੍ਰੇਟਰ ਦਾ ਲਾਇਸੰਸ ਦੋਨੋਂ ਲਿਖਤੀ ਅਤੇ ਡਰਾਈਵਿੰਗ ਟੈਸਟ ਪਾਸ ਕਰਨ ਤੋਂ ਬਾਅਦ ਜਾਰੀ ਕੀਤਾ ਜਾਂਦਾ ਹੈ।

ਸਾਰੇ ਵਾਹਨਾਂ ਦਾ ਰਜਿਸਟਰਡ ਹੋਣਾ ਅਤੇ ਬੀਮਾ ਕੀਤਾ ਜਾਣਾ ਜ਼ਰੂਰੀ ਹੈ। ਇਹ ਵਾਹਨ ਨੂੰ ਚਲਾਉਣ ਵਾਲੇ ਦੀ ਜ਼ਿੰਮੇਵਾਰੀ ਹੈ ਕੀ ਉਹ ਯਕੀਨੀ ਬਣਾਵੇ ਕਿ ਜਿਹੜਾ ਵਾਹਨ ਉਹ ਵਰਤ ਰਹੇ ਹਨ ਉਹ ਰਜਿਸਟਰਡ ਹੈ ਅਤੇ ਉਸਦਾ ਬੀਮਾ ਹੋਇਆ ਹੈ, ਭਾਵੇਂ ਉਹ ਵਾਹਨ ਉਹਨਾਂ ਦਾ ਆਪਣਾ ਨਹੀਂ ਹੈ।

## ਟਰੈਫਿਕ ਅਪਰਾਧ

ਜੇ ਇੱਕ ਮੋਟਰ ਗੱਡੀ ਚਲਾਉਂਦੇ ਹੋਏ ਤੁਹਾਨੂੰ ਪੁਲਿਸ ਦੁਆਰਾ ਰੋਕਿਆ ਜਾਂਦਾ ਹੈ, ਤਾਂ ਜਿੱਥੇ ਸੁਰੱਖਿਅਤ ਹੋਵੇ ਉੱਥੇ ਰੁਕੋ, ਅਤੇ ਜਦ ਤੱਕ ਹੋਰ ਨਿਰਦੇਸ਼ ਨਾ ਦਿੱਤਾ ਜਾਵੇ ਆਪਣੀ ਗੱਡੀ ਵਿੱਚ ਰਹੋ। ਆਪਣੀ ਬਾਰੀ ਨੂੰ ਥੱਲੇ ਰੋਲ ਕਰੋ ਅਤੇ ਇੱਕ ਅਫ਼ਸਰ ਤੁਹਾਡੀ ਡਰਾਈਵਰ ਦੇ ਪਾਸੇ ਦੀ ਖਿੜਕੀ ਤੇ ਆਵੇਗਾ। ਕਈ ਵਾਰ ਇੱਕ ਤੋਂ ਵੱਧ ਅਫ਼ਸਰ ਗੱਡੀ ਨੂੰ ਰੋਕਣਗੇ, ਇਸ ਲਈ ਤੁਸੀਂ ਹੈਰਾਨ ਨਾ ਹੋਵੋ ਜੇ ਤੁਸੀਂ ਹੋਰ ਅਫ਼ਸਰ ਨੂੰ ਦੂਜੇ ਪਾਸੇ ਤੋਂ ਆਉਂਦਾ ਵੇਖਦੇ ਹੋ।

ਕਾਨੂੰਨ ਦੇ ਅਨੁਸਾਰ, ਤੁਹਾਨੂੰ ਇਹ ਦਿਖਾਉਣਾ ਹੋਵੇਗਾ:

1. ਤੁਹਾਡਾ ਡਰਾਈਵਰ ਲਾਇਸੰਸ
2. ਜਿਹੜਾ ਵਾਹਨ ਤੁਸੀਂ ਚਲਾ ਰਹੇ ਹੋ, ਉਸਦਾ ਵਾਹਨ ਰਜਿਸਟਰੇਸ਼ਨ
3. ਜਿਹੜਾ ਵਾਹਨ ਤੁਸੀਂ ਚਲਾ ਰਹੇ ਹੋ, ਉਸਦਾ ਵਾਹਨ ਬੀਮਾ

ਕੁਝ ਆਮ ਟ੍ਰੈਫਿਕ ਅਪਰਾਧਾਂ ਵਿੱਚ ਸ਼ਾਮਲ ਹਨ:

- ਸੀਮਾ ਤੋਂ ਵੱਧ ਤੇਜ਼ ਗਤੀ ਨਾਲ ਜਾਣਾ
- ਇੱਕ ਸਟੌਪ ਸਾਈਨ ਜਾਂ ਟ੍ਰੈਫਿਕ ਲਾਈਟ ਤੇ ਨਾ ਰੁਕਣਾ
- ਡਿਸਟ੍ਰੈਕਟਿਡ ਡਰਾਈਵਿੰਗ (ਬੇਧਿਆਨੇ ਗੱਡੀ ਚਲਾਉਣਾ)
- ਸੀਟਬੈਲਟ ਨਾ ਲਗਾਉਣਾ

ਪੁਲਸ ਅਧਿਕਾਰੀ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਕਿਉਂ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ। ਹੋ ਸਕਦਾ ਹੈ ਕਿ ਤੁਹਾਨੂੰ ਇੱਕ ਸੰਮਨ (ਜਿਸਨੂੰ ਆਮ ਤੌਰ ਤੇ ਟਿਕਟ ਕਹਿੰਦੇ ਹਨ), ਜਾਂ ਤੁਹਾਡੇ ਦੁਆਰਾ ਕੀਤੇ ਡਰਾਇਵਿੰਗ ਅਪਰਾਧ ਲਈ ਇੱਕ ਜ਼ੁਬਾਨੀ ਚੇਤਾਵਨੀ ਪ੍ਰਾਪਤ ਕਰੋ। ਤੁਸੀਂ ਉਸ ਸਮੇਂ ਅਧਿਕਾਰੀ ਨੂੰ ਭੁਗਤਾਨ ਨਹੀਂ ਕਰਦੇ, ਅਤੇ ਤੁਹਾਨੂੰ ਇੱਕ ਪੁਲਿਸ ਅਧਿਕਾਰੀ ਨੂੰ ਪੈਸੇ ਦੀ ਪੇਸ਼ਕਸ਼ ਕਦੇ ਨਹੀਂ ਕਰਨੀ ਚਾਹੀਦੀ। ਕਿਸੇ ਵੀ ਟਿਕਟ ਜਾਂ ਸੰਮਨ ਦਾ ਭੁਗਤਾਨ ਸੂਬਾਈ ਅਦਾਲਤ ਵਿੱਚ, ਇੱਕ ਸਥਾਨਕ ਰਜਿਸਟਰੀ ਦਫ਼ਤਰ' ਵਿੱਚ ਜਾਂ ਆਨਲਾਈਨ ਕੀਤਾ ਜਾਵੇਗਾ।

ਤੁਹਾਡੇ ਕੋਲ ਇੱਕ ਸੂਬਾਈ ਆਵਾਜਾਈ ਜੱਜ ਦੇ ਅੱਗੇ ਟਿਕਟ ਤੇ ਬਹਿਸ ਕਰਨ ਦੀ ਵੀ ਚੋਣ ਹੁੰਦੀ ਹੈ। ਤੁਸੀਂ ਆਪਣੇ ਕੇਸ ਲਈ ਅਦਾਲਤ ਜਾ ਸਕਦੇ ਹੋ, ਜਿੱਥੇ ਇੱਕ ਜੱਜ ਇਹ ਫ਼ੈਸਲਾ ਕਰੇਗਾ ਕਿ ਤੁਸੀਂ ਦੋਸ਼ੀ ਹੋ ਜਾਂ ਨਿਰਦੋਸ਼। ਕੈਨੇਡਾ ਵਿੱਚ ਅਦਾਲਤ ਦੀ ਕਾਰਵਾਈ ਨਿਰਪੱਖ ਹੈ, ਅਤੇ ਹਰ ਕਿਸੇ ਕੋਲ ਇੱਕ ਟ੍ਰੈਫਿਕ ਮਾਮਲੇ ਨੂੰ ਅਦਾਲਤ ਵਿੱਚ ਸੁਣੇ ਜਾਣ ਦਾ ਹੱਕ ਹੈ।

## ਡਿਸਟ੍ਰੈਕਟਿਡ ਡਰਾਈਵਿੰਗ

ਡਿਸਟ੍ਰੈਕਟਿਡ ਡਰਾਈਵਿੰਗ ਅਲਬਰਟਾ ਵਿੱਚ ਗੈਰ-ਕਾਨੂੰਨੀ ਹੈ। ਡਿਸਟ੍ਰੈਕਟਿਡ ਡਰਾਈਵਿੰਗ ਵਿੱਚ ਹੇਠ ਦਿੱਤੇ ਸ਼ਾਮਲ ਹਨ:

- ਲੈਪਟਾਪ, ਵੀਡੀਓ ਗੇਮਾਂ, ਸੈੱਲ ਫੋਨ, ਕੈਮਰੇ ਵਰਗੇ ਇਲੈਕਟ੍ਰਾਨਿਕ ਜੰਤਰਾਂ ਦਾ ਇਸਤੇਮਾਲ ਕਰਨਾ
- ਟੈਕਸਟ ਜਾਂ ਈ-ਮੇਲ ਕਰਨਾ
- ਜੀਪੀਐਸ ਯੂਨਿਟ ਵਿੱਚ ਜਾਣਕਾਰੀ ਪਾਉਣਾ
- ਵਾਹਨ ਵਿਚ ਛਾਪੀ ਸਮੱਗਰੀ ਪੜ੍ਹਨਾ
- ਲਿੱਖਣਾ, ਪ੍ਰਿੰਟਿੰਗ ਜਾਂ ਸਕੈਚਿੰਗ ਕਰਨਾ
- ਨਿੱਜੀ ਸ਼ਿੰਗਾਰ

ਅਲਬਰਟਾ ਵਿੱਚ ਡਿਸਟ੍ਰੈਕਟਿਡ ਡਰਾਈਵਿੰਗ ਦੀ ਸਜ਼ਾ ਜੁਰਮਾਨਾ ਅਤੇ ਤਿੰਨ ਡਿਮੈਰਿਟ ਪੌਇੰਟ ਹਨ। ਹੋਰ ਜਾਣਕਾਰੀ ਲਈ, http://www.transportation.alberta.ca/distracteddriving.htm. 'ਤੇ ਗਵਰਨਮੈਂਟ ਆਫ਼ ਅਲਬਰਟਾ ਟਰਾਂਸਪੋਰਟੇਸ਼ਨ ਵੈੱਬਸਾਈਟ ਤੇ ਜਾਓ।

## ਇਮਪੇਅਰਡ ਡਰਾਈਵਿੰਗ

ਸ਼ਰਾਬ ਜਾਂ ਡਰੱਗਜ਼ ਤੋਂ ਪ੍ਰਭਾਵਿਤ ਹੁੰਦੇ ਹੋਏ ਮੋਟਰ ਵਾਹਨ ਚਲਾਉਣਾ ਕਾਨੂੰਨ ਦੇ ਵਿਰੁੱਧ ਹੈ। ਡਰਾਈਵਰ ਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਅਤੇ ਉਸਦੇ ਇਸ ਅਪਰਾਧ ਲਈ ਉਸਦਾ ਵਾਹਨ ਪੁਲਿਸ ਦੁਆਰਾ ਜ਼ਬਤ ਕੀਤਾ ਜਾਵੇਗਾ। ਇਮਪੇਅਰਡ ਹੁੰਦੇ ਹੋਏ ਮੋਟਰ ਵਾਹਨ ਚਲਾਉਣ ਦਾ ਨਤੀਜਾ ਇੱਕ ਅਪਰਾਧਿਕ ਦੋਸ਼ ਅਤੇ ਡਰਾਈਵਰ ਲਾਇਸੰਸ ਦਾ ਮੁਅੱਤਲ ਹੋਣਾ ਹੋ ਸਕਦਾ ਹੈ। ਇਮਪੇਅਰਡ ਡਰਾਈਵਿੰਗ ਦਾ ਦੋਸ਼ੀ ਪਾਏ ਜਾਣ ਦੇ ਨਤੀਜਿਆਂ ਵਿੱਚ ਸ਼ਾਮਲ ਹੈ ਭਾਰੀ ਆਰਥਿਕ ਜੁਰਮਾਨਾ ਅਤੇ / ਜਾਂ ਜੇਲ ਦੀ ਸਜ਼ਾ। ਤੁਹਾਡਾ ਡਰਾਈਵਿੰਗ ਲਾਇਸੰਸ ਵੀ ਲਿਆ ਜਾ ਸਕਦਾ ਹੈ ਅਤੇ ਇਸ ਨੂੰ ਮੁੜ ਪ੍ਰਾਪਤ ਕਰਨ ਲਈ ਪ੍ਰਕਿਰਿਆ ਲੰਮੀ, ਮੁਸ਼ਕਲ ਅਤੇ ਮਹਿੰਗੀ ਹੋ ਸਕਦੀ ਹੈ।

ਇੱਕ ਡਰਾਈਵਰ ਲਾਇਸੰਸ ਹੋਣਾ ਇੱਕ ਖ਼ਾਸ ਲਾਭ ਹੈ ਨਾ ਕਿ ਹੱਕ। ਅਲਬਰਟਾ ਵਿੱਚ ਬਹੁਤ ਸਾਰੇ ਟ੍ਰੈਫਿਕ ਕਾਨੂੰਨ ਹਨ ਅਤੇ ਇੱਕ ਡਰਾਈਵਰ ਦੇ ਰੂਪ ਵਿੱਚ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਉਹਨਾਂ ਨੂੰ ਜਾਣੋ ਅਤੇ ਉਹਨਾਂ ਦੀ ਪਾਲਣਾ ਕਰੋ।

## ਰੋਡ ਅਤੇ ਪੈਦਲ ਯਾਤਰੀਆਂ ਦੀ ਸੁਰੱਖਿਆ

ਸੜਕ ਪਾਰ ਕਰਦੇ ਸਮੇਂ ਸਾਵਧਾਨ ਰਹਿਣਾ ਜ਼ਰੂਰੀ ਹੈ - ਹਮੇਸ਼ਾ ਦੋਨਾਂ ਤਰਫ਼ ਦੇਖਣਾ ਜ਼ਰੂਰੀ ਹੈ। ਕੇਵਲ ਨਿਸ਼ਾਨ ਲਗੇ ਰਸਤੇ ਤੋਂ ਸੜਕ ਪਾਰ ਕਰੋ, ਅਤੇ ਜੇ ਤੁਸੀਂ ਆਪਣੀ ਸਾਈਕਲ ਦੀ ਸਵਾਰੀ ਕਰ ਰਹੇ ਹੋ, ਤਾਂ ਉੱਤਰੋ ਅਤੇ ਸਾਈਕਲ ਚਲਾ ਕੇ ਪਾਰ ਕਰੋ। ਕਾਨੂੰਨ ਦੇ ਅਨੁਸਾਰ, 18 ਸਾਲ ਤੋਂ ਘੱਟ ਉਮਰ ਦੇ ਸਾਰੇ ਸਾਈਕਲ ਚਾਲਕਾਂ ਨੂੰ ਹੈਲਮੇਟ ਪਾਣਾ ਜ਼ਰੂਰੀ ਹੈ।

# ਅਪਰਾਧ ਦੀ ਰੋਕਥਾਮ ਅਤੇ ਸੁਰੱਖਿਆ

ਬਹੁਤ ਸਾਰੇ ਕਦਮ ਹਨ ਜੋ ਤੁਸੀਂ ਆਪਣੀ ਨਿੱਜੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅਪਰਾਧ ਦਾ ਸ਼ਿਕਾਰ ਬਣਨ ਤੋਂ ਬਚਣ ਲਈ ਲੈ ਸਕਦੇ ਹੋ।

## ਨਿੱਜੀ ਸੁਰੱਖਿਆ

ਨਿੱਜੀ ਹਮਲੇ ਦੇ ਖਤਰੇ ਨੂੰ ਘਟਾਉਣ ਲਈ ਤੁਹਾਡੇ ਆਲੇ-ਦੁਆਲੇ ਕੀ ਹੋ ਰਿਹਾ ਹੈ ਬਾਰੇ ਹਮੇਸ਼ਾ ਸਚੇਤ ਰਹੋ। ਇਹ ਮਹੱਤਵਪੂਰਨ ਸੁਝਾਅ ਹਮੇਸ਼ਾ ਦਿਮਾਗ ਵਿੱਚ ਰੱਖੋ:

- ਆਪਣੇ ਨਾਲ ਜਾਂ ਆਪਣੇ ਘਰ ਵਿੱਚ ਨਕਦੀ ਦੀ ਵੱਡੀ ਮਾਤਰਾ ਜਾਂ ਕੀਮਤੀ ਸਮਾਨ ਨਾ ਰੱਖੋ। ਆਪਣੇ ਕੀਮਤੀ ਸਮਾਨ ਨੂੰ ਸੁਰੱਖਿਅਤ ਢੰਗ ਨਾਲ ਸਟੋਰ ਕਰਨ ਲਈ ਬੈਂਕਾਂ ਦੀ ਵਰਤੋਂ ਕਰਨਾ ਯਕੀਨੀ ਬਣਾਓ।
- ਬਹੁਤ ਰੋਸ਼ਨੀ ਵਾਲੀਆਂ ਵਿਅਸਤ ਸੜਕਾਂ ਤੇ ਚੱਲੋ, ਅਤੇ ਇੱਕ ਨਿੱਜੀ ਸੁਰੱਖਿਆ ਅਲਾਰਮ ਜਾਂ ਇੱਕ ਸ਼ੋਰ-ਨਿਰਮਾਤਾ ਨਾਲ ਰੱਖੋ।
- ਸੰਭਵ ਹੋਵੇ ਤਾਂ ਆਪਣੇ ਨਾਲ ਇੱਕ ਸੈੱਲ ਫੋਨ ਚੁੱਕੋ।
- ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡਾ ਪੀਛਾ ਕੀਤਾ ਜਾ ਰਿਹਾ ਹੈ, ਤਾਂ ਵਿਅਸਤ ਜਨਤਕ ਖੇਤਰ ਵਿੱਚ ਰਹੋ ਜਾਂ ਕਿਸੇ ਵੀ ਸ਼ੱਕੀ ਗਤੀਵਿਧੀ ਨੂੰ ਰਿਪੋਰਟ ਕਰਨ ਲਈ 403-266-1234 'ਤੇ ਪੁਲੀਸ ਨੂੰ ਕਾਲ ਕਰੋ।

ਜੇ ਤੁਸੀਂ ਜਾਂ ਕੋਈ ਹੋਰ ਵਿਅਕਤੀ ਤੱਤਕਾਲ ਖਤਰੇ ਵਿੱਚ ਹੈ, ਤਾਂ 9-1-1 'ਤੇ ਕਾਲ ਕਰੋ।

## ਧੋਖਾਧੜੀ ਅਤੇ ਆਰਥਿਕ ਅਪਰਾਧ

ਜੇ ਤੁਹਾਡੇ ਕੋਲੋਂ ਕੋਈ ਪੈਸੇ ਜਾਂ ਸੰਪਤੀ ਪ੍ਰਾਪਤ ਕਰਨ ਲਈ ਝੂਠ ਬੋਲਦਾ ਹੈ (ਜੋ ਤੁਸੀਂ ਉਹਨਾਂ ਨੂੰ ਨਾ ਦਿੰਦੇ ਜੇ ਤੁਹਾਨੂੰ ਸੱਚ ਪਤਾ ਹੁੰਦਾ), ਉਸਨੂੰ ਧੋਖਾਧੜੀ ਮੰਨਿਆ ਜਾਂਦਾ ਹੈ। ਧੋਖਾਧੜੀ ਇੱਕ ਆਰਥਿਕ ਅਪਰਾਧ ਹੈ, ਜੋ ਕਿ ਨਵੇਂ ਕੈਨੇਡੀਅਨਾਂ ਨੂੰ ਪ੍ਰਭਾਵਿਤ ਕਰਦਾ ਹੈ।

ਧੋਖਾਧੜੀ ਕਈ ਰੂਪ ਲੈ ਸਕਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਕੈਨੇਡਾ ਰੈਵੇਨਿਊ ਏਜੰਸੀ (ਸੀ ਆਰ ਏ) CRA) ਘੁਟਾਲਾ ਜਿੱਥੇ ਪੀੜਤ ਕਿਸੇ "ਟੈਕਸ ਕੁਲੈਕਟਰ" ਹੋਣ ਦਾ ਦਾਅਵਾ ਕਰਨ ਵਾਲੇ ਤੋਂ ਪੈਸੇ ਪ੍ਰਾਪਤ ਕਰਨ ਲਈ ਧਮਕੀ ਭਰਿਆ ਆਦੇਸ਼ ਇੱਕ ਟੈਲੀਫੋਨ ਕਾਲ ਦੁਆਰਾ ਪ੍ਰਾਪਤ ਕਰਦੇ ਹਨ।
- ਇੱਕ "ਮਿਸਟ੍ਰੀ ਸ਼ਾਪਰ" ਘੁਟਾਲਾ ਜਿੱਥੇ ਪੀੜਤ ਡਾਕ ਵਿੱਚ ਇੱਕ ਪੱਤਰ ਪ੍ਰਾਪਤ ਕਰਦਾ ਹੈ ਜੋ ਇਹ ਦਾਅਵਾ ਕਰਦਾ ਹੈ ਕਿ ਉਹਨਾਂ ਨੂੰ ਕਿਸੇ ਤਰੀਕੇ ਨਾਲ ਇੱਕ ਗੁਪਤ ਸ਼ਾਪਰ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 'ਚੁਣਿਆ' ਗਿਆ ਹੈ।
- ਜਾਲਸਾਜ਼ੀ ਯੋਜਨਾਵਾਂ ਉਹ ਹਨ ਜਿੱਥੇ ਕਿ ਇੱਕ ਵਪਾਰੀ, ਰਿਟੇਲਰ ਜਾਂ ਹੋਰ ਵਿਅਕਤੀ ਅਸਲੀ ਦੀ ਬਜਾਏ ਜਾਅਲੀ ਨਕਦ ਪੈਸੇ ਪ੍ਰਾਪਤ ਕਰਦੇ ਹਨ।
- ਪੇਮੈਂਟ ਕਾਰਡ ਧੋਖਾਧੜੀ, ਜਿੱਥੇ ਇਕ ਅਪਰਾਧੀ ਇੱਕ ਫਰਜ਼ੀ ਕਰੈਡਿਟ ਕਾਰਡ ਬਣਾਉਣ ਲਈ ਜਾਂ ਇੱਕ ਪੀੜਤ ਦੇ ਖਾਤੇ ਵਿੱਚੋਂ ਨਕਦ ਪ੍ਰਾਪਤ ਕਰਨ ਲਈ ਅਵੈਧ ਰੂਪ ਨਾਲ ਕਿਸੇ ਦੇ ਬੈਂਕ ਜਾਂ ਕ੍ਰੈਡਿਟ ਕਾਰਡ ਦੀ ਜਾਣਕਾਰੀ ਪ੍ਰਾਪਤ ਕਰਦਾ ਹੈ।
- ਨਿਵੇਸ਼ ਯੋਜਨਾਵਾਂ, ਜੋ ਕਿ ਬਹੁਤ ਸਾਰੇ ਰੂਪ ਲੈ ਸਕਦੀਆਂ ਹਨ, ਅਤੇ ਆਮ ਤੌਰ 'ਤੇ ਇੱਕ ਅਪਰਾਧੀ ਦੁਆਰਾ ਕਈ ਲੋਕਾਂ ਨੂੰ ਇੱਕ ਕਾਰੋਬਾਰ, ਪ੍ਰਾਜੈਕਟ ਜਾਂ ਅਚਲ ਸੰਪਤੀ ਸੌਦੇ ਵਿੱਚ ਆਪਣੇ ਪੈਸੇ ਨੂੰ ਨਿਵੇਸ਼ ਕਰਨ ਲਈ ਅਨੁਰੋਧ ਕਰਦੀਆਂ ਹਨ।

ਆਪਣੇ ਆਪ ਨੂੰ ਧੋਖਾਧੜੀ ਅਤੇ ਆਰਥਿਕ ਅਪਰਾਧ ਤੋਂ ਬਚਾਉਣ ਲਈ, ਹੇਠ ਲਿਖੇ ਸੁਝਾਵਾਂ ਨੂੰ ਦਿਮਾਗ ਵਿੱਚ ਰੱਖੋ:

- ਜਦੋਂ ਤੁਸੀਂ ਆਪਣੇ ਬੈਂਕ ਤੋਂ ਇੱਕ ਭੁਗਤਾਨ ਕਾਰਡ ਪ੍ਰਾਪਤ ਕਰਦੇ ਹੋ, ਤਾਂ ਤੁਹਾਨੂੰ ਇੱਕ "ਪਿਨ" ਦਿੱਤਾ ਜਾਂਦਾ ਹੈ, ਜੋ ਕਿ ਤੁਹਾਡਾ ਕਾਰਡ ਵਰਤ ਕੇ ਇੱਕ ਟ੍ਰਾਂਸੈਕਸ਼ਨ ਨੂੰ ਪੂਰਾ ਕਰਨ ਲਈ ਜ਼ਰੂਰੀ ਹੁੰਦਾ ਹੈ। ਆਪਣੇ ਪਿਨ ਦੀ ਰੱਖਿਆ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ। ਕਿਸੇ ਨਾਲ ਆਪਣਾ ਨੰਬਰ ਸਾਂਝਾ ਨਾ ਕਰੋ, ਭਾਵੇਂ ਉਹ ਇਸ ਲਈ ਤੁਹਾਨੂੰ ਪੁੱਛੇ।
- ਕਿਸੀ ਵੀ ਚੀਜ਼ ਵਿੱਚ ਪੈਸੇ ਨਿਵੇਸ਼ ਨਾ ਕਰੋ ਜੇ ਤੁਸੀਂ ਉਸਦੇ ਬਾਰੇ ਯਕੀਨੀ ਨਹੀ ਹੋ, ਜਾਂ ਜੇ ਉਹ ਤੁਹਾਨੂੰ ਉਲਝਾਉਂਦਾ ਹੈ।
- ਕਿਸੇ ਵੀ ਇਕਰਾਰਨਾਮੇ ਜਾਂ ਵਿੱਤੀ ਦਸਤਾਵੇਜ਼ ਤੇ ਦਸਤਖਤ ਨਾ ਕਰੋ ਜੇ ਤੁਹਾਨੂੰ ਲੱਗਦਾ ਹੈ ਇਸਦੇ ਨਾਲ ਕੁਝ ਗਲਤ ਹੈ।
- ਕਿਸੇ ਨੂੰ ਆਪਣੀ ਨਿੱਜੀ ਜਾਣਕਾਰੀ ਨਾ ਦਿਓ, ਜਾਂ ਕਿਸੇ ਵੀ ਸੰਗਠਨ ਨੂੰ ਜਿਸਨੂੰ ਤੁਸੀਂ ਨਹੀਂ ਜਾਣਦੇ।
- ਕੈਨੇਡਾ ਰੈਵੇਨਿਊ ਏਜੰਸੀ ਟੈਕਸ ਦੇ ਭੁਗਤਾਨ ਦੀ ਮੰਗ ਲਈ ਕਿਸੇ ਨੂੰ ਫੋਨ ਕਰਕੇ ਸੰਪਰਕ ਨਹੀਂ ਕਰਦਾ। ਇਹੋ ਜਿਹੀਆਂ ਬੇਨਤੀਆਂ ਦਾ ਜਵਾਬ ਨਾ ਦਿਓ, ਅਤੇ ਜੇ ਕੋਈ ਸਰਕਾਰ ਦੀ ਤਰਫ ਤੋਂ ਹੋਣ ਦਾ ਦਾਅਵਾ ਕਰਕੇ ਪੈਸੇ ਦੀ ਮੰਗ ਕਰੇ ਤਾਂ ਪੁਲਿਸ ਨਾਲ ਸੰਪਰਕ ਕਰੋ ।
- ਜੇ ਤੁਹਾਨੂੰ ਪ੍ਰਾਪਤ ਹੋਏ ਨਕਦ ਪੈਸੇ ਜਾਂ ਚੈਕਾਂ ਦੀ ਵੈਧਤਾ ਦੇ ਬਾਰੇ ਸ਼ੱਕ ਹੈ, ਤਾਂ ਤੁਹਾਨੂੰ ਉਹਨਾਂ ਨੂੰ ਸਵੀਕਾਰ ਕਰਨ ਦੀ ਲੋੜ ਨਹੀਂ ਹੈ। ਜੇ ਤੁਹਾਨੂੰ ਸ਼ੱਕ ਹੈ, ਆਪਣੀ ਸਥਾਨਕ ਬੈਕਿੰਗ ਸੰਸਥਾ ਜਾਂ ਪੁਲਿਸ ਨੂੰ ਸੰਪਰਕ ਕਰੋ।

## ਸਾਈਬਰ ਅਪਰਾਧ

ਸਾਈਬਰ ਅਪਰਾਧ ਇੱਕ ਅਜਿਹਾ ਅਪਰਾਧ ਹੈ, ਜੋ ਕਿ ਇੱਕ ਕੰਪਿਊਟਰ ਅਤੇ ਇੰਟਰਨੈੱਟ ਦੀ ਵਰਤੋਂ ਕਰਕੇ ਕੀਤਾ ਜਾਂਦਾ ਹੈ। ਸਾਈਬਰ ਅਪਰਾਧਾਂ ਵਿੱਚ ਮਾਲਵੇਅਰ ਜਾਂ ਹੈਕਿੰਗ ਸਬੰਧਤ ਘਪਲੇ, ਸੈਕਸਟਿੰਗ ਅਤੇ ਅਸ਼ਲੀਲ ਸਾਹਿਤ (ਪੋਰਨੋਗ੍ਰਾਫੀ) ਸ਼ਾਮਲ ਹਨ।

ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਇੰਟਰਨੈੱਟ ਅਤੇ ਈ-ਮੇਲ ਰਾਹੀਂ ਹੋਣ ਵਾਲੇ ਘੁਟਾਲਿਆਂ ਤੋਂ ਬਚਾਉਣ ਲਈ:


- ਕਦੇ ਵੀ ਅਟੈਚਮੈਂਟਾਂ ਨੂੰ ਨਾ ਖੋਲੋ ਜਾਂ ਅਣਪਛਾਤੇ ਸਰੋਤਾਂ ਦੇ ਲਿੰਕ 'ਤੇ ਕਲਿੱਕ ਨਾ ਕਰੋ। ਉਹ ਵਾਇਰਸ ਹੈ, ਜੋ ਕਿ ਤੁਹਾਡੇ ਕੰਪਿਊਟਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਤੁਹਾਡੇ ਪਾਸਵਰਡ ਅਤੇ ਹੋਰ ਨਿੱਜੀ ਜਾਣਕਾਰੀ ਲਈ ਪੁੱਛਣ ਵਾਲੀਆਂ ਈਮੇਲਾਂ ਲਈ ਸੰਦੇਹਜਨਕ ਰਹੋ। ਜਾਇਜ਼ ਸੰਗਠਨ ਕਦੇ ਵੀ ਈਮੇਲ ਰਾਹੀ ਇਸ ਜਾਣਕਾਰੀ ਦੀ ਮੰਗ ਨਹੀਂ ਕਰਨਗੇ।
- ਇੱਕ ਐਂਟੀ-ਵਾਇਰਸ ਪ੍ਰੋਗਰਾਮ, ਫਾਇਰਵਾਲ, ਸਪੈਮ ਬਲੌਕਰ ਅਤੇ ਆਪਣੇ ਕੰਪਿਊਟਰ 'ਤੇ ਐਂਟੀ ਸਪਾਈਵੇਰ ਸਾਫਟਵੇਅਰ ਦੀ ਵਰਤੋ ਕਰੋ। ਆਪਣੇ ਸਾਫਟਵੇਅਰ ਨੂੰ ਅੱਪ ਟੂ ਡੇਟ ਰੱਖਣਾ ਯਕੀਨੀ ਬਣਾਓ।
- ਕੰਮ ਮੁਕੰਮਲ ਹੋਣ ਤੋਂ ਬਾਅਦ ਹਮੇਸ਼ਾ ਆਪਣੀ ਈ-ਮੇਲ ਤੋਂ ਲਾਗ-ਆਊਟ ਕਰੋ।
- ਈ-ਮੇਲ ਜਾਂ ਇੰਸਟੈਂਟ ਮੈਸੇਜ ਦੇ ਮਾਧਿਅਮ ਨਾਲ ਕਦੇ ਵੀ ਸੰਵੇਦਨਸ਼ੀਲ ਫੋਟੋ, ਨਿੱਜੀ, ਵਿੱਤੀ ਜਾਂ ਗੁਪਤ ਜਾਣਕਾਰੀ ਨਾ ਭੇਜੋ।

ਇੰਟਰਨੈੱਟ 'ਤੇ ਬੱਚਿਆਂ ਦੀ ਰੱਖਿਆ ਕਰਨਾ

ਜੇ ਤੁਹਾਡੇ ਬੱਚੇ ਹਨ, ਉਹਨਾਂ ਨੂੰ ਇਹਨਾਂ ਸੁਝਾਵਾਂ ਦੇ ਨਾਲ ਆਨਲਾਈਨ ਸੁਰੱਖਿਅਤ ਰੱਖੋ:

- ਮਾਪਿਆਂ ਅਤੇ ਬੱਚਿਆਂ ਵਿਚਕਾਰ ਸੰਚਾਰ ਦੇ ਖੁੱਲ੍ਹੇ ਮਾਰਗ ਬਣਾਈ ਰੱਖੋ।
- ਇੰਟਰਨੈੱਟ ਤੱਕ ਪਹੁੰਚ ਰੱਖਣ ਵਾਲੇ ਆਪਣੇ ਕੰਪਿਊਟਰ ਨੂੰ ਆਪਣੇ ਘਰ ਵਿੱਚ ਇਹੋ ਜਿਹੀ ਥਾਂ ਤੇ ਰੱਖੋ ਜਿੱਥੇ ਤੁਸੀਂ ਦੇਖ ਸਕਦੇ ਹੋ ਕਿ ਤੁਹਾਡੇ ਬੱਚੇ ਕੀ ਕਰ ਰਹੇ ਹਨ, ਅਤੇ ਜਦ ਕੋਈ ਵੀ ਨਿਗਰਾਨੀ ਕਰਨ ਵਾਲਾ ਉਪਲੱਬਧ ਨਾ ਹੋਵੇ ਤਾਂ ਇੰਟਰਨੈੱਟ ਦੇ ਪ੍ਰਯੋਗ ਤੇ ਪਾਬੰਦੀ ਲਾਓ।
- ਯਕੀਨੀ ਬਣਾਓ ਕਿ ਤੁਹਾਡੇ ਬੱਚਿਆਂ ਨੂੰ ਪਤਾ ਹੈ ਕਿ ਉਹਨਾਂ ਨੂੰ ਕਦੇ ਵੀ, ਕਿਸੇ ਵੀ ਹਾਲਾਤ ਅਧੀਨ, ਨਿੱਜੀ ਜਾਣਕਾਰੀ ਇੰਟਰਨੈੱਟ 'ਤੇ ਪ੍ਰਗਟ ਨਹੀਂ ਕਰਨੀ ਚਾਹੀਦੀ, ਭਾਵੇਂ ਉਹ ਚੈਟਰੂਮ, ਸਰਵੇਖਣ ਵਿੱਚ ਜਾਂ ਵੈੱਬ ਸਾਈਟਾਂ ਤੇ ਹੋਣ। ਉਹਨਾਂ ਨੂੰ ਇੰਟਰਨੈੱਟ ਤੇ ਮਿਲੇ ਇੱਕ ਵਿਅਕਤੀ ਨੂੰ ਮਿਲਣ ਲਈ ਕਦੇ ਵੀ ਸਹਿਮਤ ਨਹੀਂ ਹੋਣਾ ਚਾਹੀਦਾ।
- ਬੱਚਿਆਂ ਨੂੰ ਸਿਖਾਓ ਕਿ ਤੁਰੰਤ ਇੰਟਰਨੈੱਟ ਵਰਤਣਾ ਬੰਦ ਕਰ ਦੇਣ ਅਤੇ ਮਾਤਾ ਪਿਤਾ ਨੂੰ ਦੱਸਣ ਜੇ ਕੁਝ ਵੀ ਉਹਨਾਂ ਨੂੰ ਵਿਚਲਿਤ ਕਰਦਾ ਹੈ।

ਜੇ ਤੁਸੀਂ ਅਤੇ ਤੁਹਾਡਾ ਬੱਚਾ ਇੱਕ ਆਨਲਾਈਨ ਅਪਰਾਧ ਦਾ ਸ਼ਿਕਾਰ ਹੋਏ ਹੋ, ਤਾਂ ਕਿਰਪਾ ਕਰਕੇ ਕੈਲਗਰੀ ਪੁਲਿਸ ਸਰਵਿਸ ਨੂੰ ਗੈਰ-ਐਮਰਜਸੀ ਨੰਬਰ' 403-266-1234 'ਤੇ ਰਿਪੋਰਟ ਕਰਨ ਲਈ ਕਾਲ ਕਰੋ। ਬੱਚਿਆਂ ਦਾ ਆਨਲਾਈਨ ਜਿਨਸੀ ਸ਼ੋਸ਼ਣ ਤੁਰੰਤ ਕੈਲਗਰੀ ਪੁਲਿਸ ਸਰਵਿਸ ਨੂੰ ਰਿਪੋਰਟ ਕੀਤਾ ਜਾਣਾ ਚਾਹੀਦਾ ਹੈ। ਕਿਸੇ ਵੀ ਹੋ ਰਹੇ ਅਪਰਾਧ ਜਾਂ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੇ ਅਪਰਾਧ ਲਈ 9-1-1 ਨੂੰ ਕਾਲ ਕਰੋ, ਤੁਸੀਂ ਇਸ ਕਿਸਮ ਦੇ ਜੁਰਮ ਅਗਿਆਤ ਢੰਗ ਨਾਲ ਕੈਨੇਡੀਅਨ ਸੈਂਟਰ ਫੌਰ ਚਾਈਲਡ ਪ੍ਰੋਟੈਕਸ਼ਨ ਨੂੰ ਰਿਪੋਰਟ ਕਰ ਸਕਦੇ ਹੋ।



# ਘਰੇਲੂ ਹਿੰਸਾ

ਕੈਨੇਡਾ ਵਿੱਚ, ਆਪਣੇ ਪਰਿਵਾਰ ਦੇ ਇੱਕ ਸਦੱਸ ਨੂੰ ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣਾ, ਜਾਂ ਪਰਿਵਾਰ ਦੇ ਕਿਸੇ ਹੋਰ ਬਾਲਗ ਸਦੱਸ ਦੀ ਸੰਪਤੀ ਚੋਰੀ ਕਰਨਾ ਗੈਰ-ਕਾਨੂੰਨੀ ਹੈ। ਭਾਵੇਂ ਕਾਨੂੰਨ ਮਾਪਿਆਂ ਨੂੰ ਆਪਣੇ ਬੱਚੇ ਨੂੰ ਅਨੁਸ਼ਾਸਿਤ ਕਰਨ ਦੀ ਸਮਰੱਥਾ ਦਿੰਦਾ ਹੈ, ਪਰ ਕਿਸ ਪ੍ਰਕਾਰ ਦਾ ਅਨੁਸ਼ਾਸਨ ਵਾਜਬ ਮੰਨਿਆ ਜਾਂਦਾ ਹੈ ਤੇ ਸੀਮਾਵਾਂ ਹਨ।

ਕਿਸੇ ਦੇ ਨਾਲ ਬਿਨਾਂ ਸਹਿਮਤੀ ਦੇ ਜਿਨਸੀ ਸੰਬੰਧ ਰੱਖਣਾ ਗੈਰ-ਕਾਨੂੰਨੀ ਹੈ, ਇੱਥੋਂ ਤੱਕ ਕਿ ਵਿਆਹੇ ਅਤੇ ਡੇਟਿੰਗ ਰਿਸ਼ਤਿਆਂ ਦੇ ਵਿੱਚ ਵੀ।

ਕੈਲਗਰੀ ਪੁਲਿਸ ਸੇਵਾ ਪਰਿਵਾਰਕ ਜਾਂ ਘਰੇਲੂ ਹਿੰਸਾ ਦੀਆਂ ਸਾਰੀਆਂ ਸੂਚਿਤ ਘਟਨਾਵਾਂ ਦਾ ਜਵਾਬ ਦਿੰਦੀ ਅਤੇ ਤਫ਼ਤੀਸ਼ ਕਰਦੀ ਹੈ। ਇਹਨਾਂ ਰਿਸ਼ਤਿਆਂ ਵਿੱਚ ਸ਼ਾਮਲ ਹਨ:

- ਪਾਰਟਨਰ ਰਿਸ਼ਤੇ ਜਿਵੇਂ ਕਿ ਮੌਜੂਦਾ ਜਾਂ ਸਾਬਕਾ ਡੇਟਿੰਗ ਰਿਸ਼ਤੇ
- ਮੌਜੂਦਾ ਅਤੇ ਸਾਬਕਾ ਕਾਮਨ-ਲਾਅ (ਬਿਨਾਂ ਵਿਆਹ ਦੇ ਇਕੱਠੇ) ਰਿਸ਼ਤੇ
- ਮੌਜੂਦਾ ਅਤੇ ਸਾਬਕਾ ਵਿਆਹ ਦੇ ਰਿਸ਼ਤੇ
- ਨਜ਼ਦੀਕੀ ਅਤੇ ਵਿਸਤ੍ਰਿਤ ਪਰਿਵਾਰ ਦੇ ਜੀਅ (ਜਿਵੇਂ ਬੱਚੇ, ਭਰਾ, ਭੈਣਾਂ ਅਤੇ ਦਾਦਾ-ਦਾਦੀ/ਨਾਨਾ-ਨਾਨੀ)

ਇਕ ਘਰੇਲੂ ਰਿਸ਼ਤੇ ਵਿੱਚ 65 ਸਾਲ ਅਤੇ ਉਸਤੋਂ ਵੱਧ ਉਮਰ ਦੇ ਬਜ਼ੁਰਗ ਅਤੇ ਨਜ਼ਦੀਕੀ ਅਤੇ ਵਿਸਤ੍ਰਿਤ ਪਰਿਵਾਰ ਦੇ ਸਦੱਸ ਵੀ ਸ਼ਾਮਲ ਹਨ।

ਘਰੇਲੂ ਦੁਰਵਿਹਾਰ ਕਈ ਹੋਰ ਢੰਗਾਂ ਵਿੱਚ ਵੀ ਹੋ ਸਕਦਾ ਹੈ ਅਤੇ ਕੇਵਲ ਹਿੰਸਾ ਤੱਕ ਹੀ ਸੀਮਿਤ ਨਹੀ ਹੈ। ਦੁਰਵਿਹਾਰ ਦੇ ਹੋਰ ਰੂਪਾਂ ਵਿੱਚ ਸ਼ਾਮਲ ਹੈ ਜਿਨਸੀ, ਵਿੱਤੀ, ਧਮਕਾਉਣਾ, ਜ਼ਬਾਨੀ ਅਤੇ ਭਾਵਨਾਤਮਕ ਦੁਰਵਿਹਾਰ। ਘਰੇਲੂ ਦੁਰਵਿਹਾਰ ਵਿੱਚ ਅਜਿਹੇ ਹਾਲਾਤ ਵੀ ਸ਼ਾਮਿਲ ਹਨ:

- ਮਾਤਾ/ਪਿਤਾ ਵਿੱਚੋਂ ਕਿਸੇ ਇੱਕ ਦਾ ਬੱਚੇ ਨੂੰ ਦੂਸਰੇ ਮਾਤਾ/ਪਿਤਾ ਤੋਂ ਦੂਰ ਲੈ ਜਾਣਾ
- ਪੀਛਾ ਕਰਨਾ ਜਾਂ ਪਰੇਸ਼ਾਨ ਕਰਨਾ
- ਇੱਜ਼ਤ ਤੇ ਆਧਾਰਿਤ ਹਿੰਸਾ: ਅਪਰਾਧ ਜੋ ਕਿ ਪਰਿਵਾਰ ਜਾਂ ਭਾਈਚਾਰੇ ਦੇ ਸਨਮਾਨ ਦੀ ਰੱਖਿਆ ਲਈ ਕੀਤਾ ਗਿਆ ਹੈ

ਕੈਲਗਰੀ ਪੁਲਿਸ ਸੇਵਾ ਦਾ ਇੱਕ ਘਰੇਲੂ ਅਪਵਾਦ ਯੂਨਿਟ ਹੈ, ਜੋ ਹਰ ਪ੍ਰਕਾਰ ਦੀ ਘਰੇਲੂ ਹਿੰਸਾ ਨੂੰ ਰੋਕਣ, ਘਟਾਉਣ ਅਤੇ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਮਾਹਰ ਹੈ। ਘਰੇਲੂ ਦੁਰਵਿਹਾਰ ਮਹਿਲਾ ਪੀੜਤਾਂ ਤੱਕ ਹੀ ਵਿਸ਼ਿਸ਼ਟ ਨਹੀ ਹੈ ਅਤੇ ਇਸ ਵਿੱਚ ਪੁਰਸ਼, ਬੱਚੇ ਅਤੇ ਬਜ਼ੁਰਗ ਬਾਲਗ ਵੀ ਪੀੜਿਤਾਂ ਦੀ ਤਰਾਂ ਸ਼ਾਮਲ ਹਨ।

ਕੈਲਗਰੀ ਪੁਲਿਸ ਸੇਵਾ ਉਹਨਾਂ ਸਾਰਿਆਂ ਨੂੰ ਪੁਲਿਸ, ਚਿਕਿਤਸਾ ਸੁਵਿਧਾਵਾਂ, ਜਾਂ ਪੂਰੇ ਕੈਲਗਰੀ ਵਿੱਚ ਕਈ ਸਮਾਜਿਕ ਏਜੰਸੀਆਂ ਵਿੱਚੋਂ ਇੱਕ ਤੋਂ ਸਮਰਥਨ, ਸਲਾਹ ਅਤੇ ਸਹਾਇਤਾ ਲਈ ਪਹੁੰਚਣ ਲਈ ਉਤਸ਼ਾਹਿਤ ਕਰੇਗੀ ਜੋ ਘਰੇਲੂ ਹਿੰਸਾ ਜਾਂ ਦੁਰਵਿਹਾਰ ਨਾਲ ਪੀੜਿਤ ਹਨ ਜਾਂ ਉਸਦੇ ਗਵਾਹ ਹਨ। ਇਸ ਸੰਕਟ ਦੀ ਸਥਿਤੀ ਵਿੱਚ ਕਈ ਪੇਸ਼ੇਵਰ ਹਨ ਜੋ ਤੁਹਾਡੀ ਸਹਾਇਤਾ ਕਰਨ ਲਈ ਤਿਆਰ ਹੋਣਗੇ, ਇਹ ਸਹਾਇਤਾ ਇੱਕ ਅਪਰਾਧਕ ਮਾਮਲੇ ਵਿੱਚ ਪੁਲੀਸ ਦੀ ਤਫ਼ਤੀਸ਼, ਤੋਂ ਮੁਸ਼ਕਲ ਤਬਦੀਲੀ ਅਵਧੀਆਂ ਦੌਰਾਨ ਗੈਰ-ਪੁਲਿਸ ਏਜੰਸੀਆਂ ਦੁਆਰਾ ਪਰਿਵਾਰਕ ਸਹਿਯੋਗ ਪ੍ਰਦਾਨ ਕਰਨ ਵਾਲੇ ਕਈ ਰੂਪਾਂ ਵਿੱਚ ਆਉਂਦੀ ਹੈ।

ਬਜ਼ੁਰਗ ਦੁਰਿਵਹਾਰ ਅਤੇ ਬਜ਼ੁਰਗਾਂ ਦੀ ਸੁਰੱਖਿਆ

ਬਜ਼ੁਰਗ ਦੁਰਿਵਹਾਰ ਵਿੱਚ ਸ਼ਾਮਲ ਹਨ ਅਣਗਹਿਲੀ, ਸਰੀਰਕ ਸ਼ੋਸ਼ਣ, ਜਿਨਸੀ ਸ਼ੋਸ਼ਣ, ਵਿੱਤੀ ਸ਼ੋਸ਼ਣ ਅਤੇ ਘਰੇਲੂ ਹਿੰਸਾ ਦੇ ਹੋਰ ਰੂਪ। ਦੁਰਵਿਹਾਰ ਦੇ ਇਹਨਾਂ ਰੂਪਾਂ ਨਾਲ ਬਜ਼ੁਰਗ ਬਾਲਗ (65 ਸਾਲ ਅਤੇ ਵੱਧ ਉਮਰ ਦੇ) ਪ੍ਰਭਾਵਿਤ ਹੁੰਦੇ ਹਨ। ਬਜ਼ੁਰਗਾਂ ਨਾਲ ਦੁਰਿਵਹਾਰ ਦੇ ਆਮ ਢੰਗਾਂ ਵਿੱਚੋਂ ਇੱਕ ਵਿੱਤੀ ਬਦਸਲੂਕੀ ਹੁੰਦੀ ਹੈ। ਇਸ ਵਿੱਚ ਸ਼ਾਮਲ ਹੈ ਇੱਕ ਬਜ਼ੁਰਗ ਨਾਗਰਿਕ ਤੋਂ ਪੈਸੇ ਪ੍ਰਾਪਤ ਕਰਨ ਲਈ ਧੋਖਾਧੜੀ ਅਤੇ ਘੁਟਾਲਾ।

ਇਹਨਾਂ ਘਪਲਿਆਂ ਦੇ ਕੁਝ ਉਦਾਹਰਣਾਂ ਵਿੱਚ ਸ਼ਾਮਲ ਹਨ:

- ਘਰ ਸੁਧਾਰ ਘੁਟਾਲੇ ਜਿੱਥੇ ਬੇਈਮਾਨ ਠੇਕੇਦਾਰ ਘਰ ਵਿੱਚ ਸੁਧਾਰ ਕਰਨ ਲਈ ਸ਼ਾਮਲ ਹੁੰਦੇ ਹਨ, ਪਰ ਕੁਝ ਪੈਸੇ ਪਹਿਲਾਂ ਲੈਣ ਤੋਂ ਬਾਅਦ, ਉਹ ਇਸ ਕੰਮ ਨੂੰ ਪੂਰਾ ਨਹੀਂ ਕਰਦੇ, ਅਤੇ / ਜਾਂ ਗਾਇਬ ਹੋ ਜਾਂਦੇ ਹਨ।
- ਦਾਦ-ਦਾਦੀ/ਨਾਨਾ-ਨਾਨੀ ਘੁਟਾਲੇ, ਜਿੱਥੇ ਇੱਕ ਅਪਰਾਧੀ ਕਾਲ ਕਰਕੇ ਫਰੇਬ ਕਰਕੇ ਦਾਦ-ਦਾਦੀ/ਨਾਨਾ-ਨਾਨੀ ਨੂੰ ਇਹ ਵਿਸ਼ਵਾਸ ਦਵਾਉਂਦਾ ਹੈ ਕਿ ਉਹਨਾਂ ਦਾ ਪੋਤਾ/ਪੋਤੀ ਕੈਲਗਰੀ ਦੇ ਬਾਹਰੋਂ ਕਾਲ ਕਰ ਰਿਹਾ/ਰਹੀ ਹੈ ਅਤੇ ਉਹਨਾਂ ਨੂੰ ਪੈਸੇ ਦੀ ਲੋੜ ਹੈ, ਕਿਉਕਿ ਉਹ ਇੱਕ ਗੰਭੀਰ ਹਾਦਸੇ ਵਿਚ ਫੱਸੇ ਹਨ।
- ਰੋਮਾਂਸ ਘੁਟਾਲੇ ਜਿੱਥੇ ਇੱਕ ਜਾਲਸਾਜ਼ ਇਕ ਬਜ਼ੁਰਗ ਨੂੰ ਰੋਮਾਂਸ ਦੇ ਵਾਅਦੇ ਕਰਕੇ ਸ਼ਿਕਾਰ ਬਣਾਉਂਦਾ ਹੈ ਜਦਕਿ ਅਸਲ ਮਕਸਦ ਉਹਨਾਂ ਦੇ ਪੈਸੇ ਚੋਰੀ ਕਰਨਾ ਹੁੰਦਾ ਹੈ।
- ਲਾਟਰੀ ਘੁਟਾਲੇ, ਜਿੱਥੇ ਕੋਈ ਕਾਲ ਕਰਦਾ ਹੈ ਅਤੇ ਕਹਿੰਦਾ ਹੈ ਬਜ਼ੁਰਗ ਨੇ ਇੱਕ ਮੁਕਾਬਲਾ ਜਿੱਤਿਆ ਹੈ ਪਰ ਇਨਾਮ ਪ੍ਰਾਪਤ ਕਰਨ ਲਈ ਕੁਝ ਫੀਸ ਦਾ ਭੁਗਤਾਨ ਕਰਨ ਦੀ ਲੋੜ ਹੈ।

ਬਜ਼ੁਰਗ ਦੁਰਿਵਹਾਰ ਵਿੱਚ ਭਾਵਨਾਤਮਕ, ਸਰੀਰਕ, ਜਿਨਸੀ ਅਤੇ ਦਵਾਈ ਬਾਰੇ ਦੁਰਵਿਹਾਰ ਵੀ ਸ਼ਾਮਲ ਹਨ। ਦੁਰਵਿਹਾਰ ਦੀ ਇਸ ਕਿਸਮ ਦੇ ਕੁਝ ਉਦਾਹਰਣਾਂ ਵਿੱਚ ਸ਼ਾਮਲ ਹਨ:

- ਪੋਤਾ/ਪੋਤੀ ਨੂੰ ਮਿਲਣ ਤੋਂ ਰੋਕਣਾ
- ਥੱਪੜ ਮਾਰਨਾ
- ਗੋਪਨੀਯਤਾ ਦੀ ਘਾਟ
- ਜ਼ਿਆਦਾ ਦਵਾਈਆਂ ਦੇਣਾ
- ਮਿਲਣ ਵਾਲਿਆਂ ਨੂੰ ਆਉਣ ਤੋਂ ਰੋਕਣਾ

ਘਰੇਲੂ ਹਿੰਸਾ ਜਾਂ ਬਜ਼ੁਰਗ ਦੁਰਵਿਹਾਰ ਵਿੱਚ ਮਦਦ ਲਈ ਤੁਸੀਂ ਇਹਨਾਂ ਨੂੰ ਸੰਪਰਕ ਕਰ ਸਕਦੇ ਹੋ:

ਪੁਲਿਸ / ਐਮਬੂਲੈਂਸ / ਫਾਇਰ ਐਮਰਜੈਂਸੀ ਲਾਈਨ: 911
ਪੁਲਿਸ ਦੀ ਗੈਰ-ਐਮਰਜੈਂਸੀ ਲਾਈਨ: 403-266-1234
ਸੰਕਟ ਕੇਂਦਰ: 403-266-4357
ਕੈਲਗਰੀ ਕੁਨੈਕਟ: 403-234-7233 (ਕੈਲਗਰੀ), 1-866-606-7233 (ਅਲਬਰਟਾ)

## ਗੈਂਗ ਅਤੇ ਸੰਗਠਿਤ ਅਪਰਾਧ

ਇੱਕ ਸਮੂਹ ਇੱਕ ਸੰਗਠਨ, ਸੰਸਥਾ ਜਾਂ ਗਿਰੋਹ ਹੈ, ਜੋ ਇੱਕ ਨਿਯਮਿਤ ਆਧਾਰ 'ਤੇ ਅਪਰਾਧਕ ਗਤੀਵਿਧੀਆਂ (ਜਾਂ ਸ਼ੱਕੀ ਅਪਰਾਧਿਕ ਗਤੀਵਿਧੀ) ਵਿੱਚ ਸ਼ਾਮਲ ਹੈ। ਕੈਲਗਰੀ ਵਿੱਚ ਬਹੁਤੇ ਗਿਰੋਹ ਨੌਜਵਾਨਾਂ ਦੇ ਬਣੇ ਹੁੰਦੇ ਹਨ। ਕੈਲਗਰੀ ਵਿੱਚ ਗਿਰੋਹ ਪੂਰੇ ਸ਼ਹਿਰ ਵਿੱਚ ਕੰਮ ਕਰਦੇ ਹਨ, ਅਤੇ ਕਿਸੇ ਵੀ ਖਾਸ 'ਖੇਤਰ' ਵਿੱਚ ਨਹੀਂ। ਉਹ ਮੁੱਖ ਤੌਰ ਤੇ ਨਸ਼ੀਲੇ ਪਦਾਰਥਾਂ ਦੀ ਵਿੱਕਰੀ ਵਿੱਚ ਸ਼ਾਮਲ ਹਨ ਜਿਨ੍ਹਾਂ ਵਿੱਚ ਕਰੈਕ ਕੋਕੀਨ, ਕ੍ਰਿਸਟਲ ਮੈਥ, ਐਕਸਟੇਸੀ ਅਤੇ ਭੰਗ ਸ਼ਾਮਲ ਹਨ। ਨਾਲ ਹੀ, ਉਹਨਾਂ ਦੇ ਜੁਰਮਾਂ ਵਿੱਚ ਕ੍ਰੈਡਿਟ ਕਾਰਡ ਘੁਟਾਲੇ ਅਤੇ ਹਥਿਆਰਾਂ ਦਾ ਇਸਤੇਮਾਲ ਸ਼ਾਮਲ ਹੈ। ਗਿਰੋਹ ਉਹਨਾਂ ਦੀ ਸ਼ੋਭਾ ਵਧਾਉਣ ਅਤੇ ਆਪਣੇ ਅਪਰਾਧਕ ਕੰਮਾਂ ਨੂੰ ਵਧਾਉਣ ਲਈ ਹਥਿਆਰ ਅਤੇ ਹਿੰਸਾ ਦਾ ਪ੍ਰਯੋਗ ਕਰਦੇ ਹਨ।

ਨੌਜਵਾਨ ਲੋਕਾਂ ਦੇ ਗਿਰੋਹ ਵਿੱਚ ਸ਼ਾਮਲ ਹੋਣ ਦੇ ਕੁਝ ਸੰਕੇਤਾਂ ਵਿੱਚ ਸ਼ਾਮਲ ਹਨ:

- ਉਹ ਪਰਿਵਾਰਕ ਗਤੀਵਿਧੀਆਂ ਵਿਚ ਬਹੁਤ ਘੱਟ ਦਿਲਚਸਪੀ ਦਿਖਾਉਂਦੇ ਹਨ
- ਉਹਨਾਂ ਦਾ ਬਦਲਿਆ ਹੋਇਆ ਵਿਵਹਾਰ ਜਾਂ ਵੱਖ ਦੋਸਤ ਹੁੰਦੇ ਹਨ
- ਉਹਨਾਂ ਕੋਲ ਵੱਡੀ ਮਾਤਰਾ ਵਿੱਚ ਪੈਸੇ ਹੁੰਦੇ ਹਨ ਜਾਂ ਮਹਿੰਗੇ ਨਵੇਂ ਕਪੜੇ ਜਾਂ ਚੀਜ਼ਾਂ ਜੋ ਸਮਝਾਈਆਂ ਨਹੀ ਕੀਤਾ ਜਾ ਸਕਦੀਆਂ।

ਤੁਹਾਡੇ ਬੱਚੇ ਨੂੰ ਗਿਰੋਹ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਕੁਝ ਸੁਝਾਵਾਂ ਵਿੱਚ ਸ਼ਾਮਲ ਹਨ:

- ਪਰਿਵਾਰਕ ਸਮੇਂ ਦੀ ਯੋਜਨਾ ਬਣਾਓ
- ਹਰ ਬੱਚੇ ਦੇ ਨਾਲ ਇਕੱਲੇ ਸਮਾਂ ਬਿਤਾਓ
- ਸਾਥੀਆਂ ਦੇ ਦਬਾਅ ਨਾਲ ਨਜਿੱਠਣ ਬਾਰੇ ਬੱਚਿਆਂ ਨਾਲ ਗੱਲ ਕਰੋ
- ਆਪਣੇ ਬੱਚੇ ਦੇ ਦੋਸਤਾਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਜਾਣੋ
- ਆਪਣੇ ਬੱਚਿਆਂ ਨੂੰ ਛੋਟੀ ਉਮਰ ਵਿੱਚ ਸਿੱਖਿਅਤ ਕਰੋ
- ਆਪਣੇ ਬੱਚੇ ਦੇ ਆਤਮ-ਵਿਸ਼ਵਾਸ ਅਤੇ ਸਮਾਜਿਕ ਹੁਨਰ ਦਾ ਨਿਰਮਾਣ ਕਰੋ

ਜੇ ਤੁਹਾਨੂੰ ਜਾਂ ਕਿਸੇ ਅਜ਼ੀਜ਼ ਨੂੰ ਗਿਰੋਹ ਤੋਂ ਬਾਹਰ ਜਾਣ ਵਿੱਚ ਮਦਦ ਦੀ ਲੋੜ ਹੈ, ਤਾਂ 403-428-8191 'ਤੇ ਗਿਰੋਹ ਹੈਲਪਲਾਈਨ ਤੇ ਸੰਪਰਕ ਕਰੋ।

## ਰੀਡਾਇਰੈਕਟ (ReDirect)

ਰੀਡਾਇਰੈਕਟ ਐਸੇ ਨੌਜਵਾਨਾਂ ਅਤੇ ਜਵਾਨ ਬਾਲਗਾਂ ਤੇ ਉਦੇਸ਼ਿਤ ਇੱਕ ਰੋਕਥਾਮ ਅਤੇ ਸਿੱਖਿਆ ਪ੍ਰੋਗਰਾਮ ਹੈ ਜੋ ਕੱਟਰਪੰਥੀ ਬਣਨ ਲਈ ਅਤਿਸੰਵੇਦਨਸ਼ੀਲ ਹਨ, ਇਸਤੋਂ ਪਹਿਲਾਂ ਕਿ ਉਹ ਅਤਿਵਾਦੀ ਵਿਚਾਰਧਾਰਾਵਾਂ ਜਾਂ ਇਰਾਦਿਆਂ ਦਾ ਵਿਕਾਸ ਕਰਨ।

ਕੱਟੜਤਾ ਅਤੇ ਅੱਤਵਾਦ

- ਤਾਂ ਹੁੰਦਾ ਹੈ ਜਦ ਇੱਕ ਵਿਅਕਤੀ ਜਾਂ ਸਮੂਹ ਸਿਆਸੀ ਜਾਂ ਸਮਾਜਕ ਤਬਦੀਲੀ ਪੈਦਾ ਕਰਨ ਦੀ ਕੋਸ਼ਿਸ਼ ਜਾਂ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਹਿੰਸਾ ਦੇ ਇਸਤੇਮਾਲ ਦਾ ਸਮਰਥਨ ਕਰਦਾ ਹੈ।
- ਬੁਨਿਆਦੀ ਅਤੇ ਕਨੂੰਨੀ ਲੋਕਤੰਤਰਿਕ ਸਿਧਾਂਤਾਂ ਦਾ ਪਾਲਣ ਨਹੀਂ ਕਰਦਾ।
- ਕਿਸੇ ਵੀ ਖਾਸ ਜਨਸੰਖਿਅਕ, ਭਾਈਚਾਰੇ ਜਾਂ ਸਭਿਆਚਾਰਕ ਸਮੂਹ ਤੱਕ ਹੀ ਸੀਮਿਤ ਨਹੀਂ ਹੈ।
- ਕਈ ਵਿਚਾਰਧਾਰਕ ਮਨੋਰਥਾਂ ਅਤੇ ਕਾਰਣਾਂ ਵਿੱਚ ਵਾਪਰ ਸਕਦਾ ਹੈ।

ਇੱਕ ਨੌਜਵਾਨ ਵਿਅਕਤੀ ਜੋ ਕੱਟੜਤਾ ਜਾਂ ਅੱਤਵਾਦ ਦੀ ਚਪੇਟ ਵਿੱਚ ਹੋ ਸਕਦਾ ਹੈ ਦੇ ਕਈ ਜਟਿਲ ਸੂਚਕ ਹਨ। ਹੋ ਸਕਦਾ ਹੈ ਕਿ ਤੁਸੀਂ ਆਪਣੇ ਦੋਸਤ ਜਾਂ ਅਜ਼ੀਜ਼ ਵਿੱਚ ਬਦਲਾਅ ਦੇਖੋ ਅਤੇ ਇਹ ਪਤਾ ਨਾ ਹੋਵੇ ਕਿ ਕੀ ਕਰਨਾ ਹੈ। ਰੀਡਾਇਰੈਕਟ ਮਦਦ ਕਰ ਸਕਦਾ ਹੈ।

ਰੈਫ਼ਰਲ ਦੀ ਪ੍ਰਕਿਰਿਆ ਬਿਲਕੁਲ ਗੁਪਤ ਹੁੰਦੀ ਹੈ। ਰੀਡਾਇਰੈਕਟ ਨਾਲ ਜੁੜੇ ਨੌਜਵਾਨਾਂ ਨੂੰ ਭਾਗ ਲੈਣ ਲਈ ਨਕਾਰਾਤਮਕ ਰੂਪ ਨਾਲ ਵੰਚਿਤ ਨਹੀਂ ਕੀਤਾ ਜਾਏਗਾ।

ਰੀਡਾਇਰੈਕਟ ਬਾਰੇ ਵਧੇਰੇ ਜਾਣਕਾਰੀ ਲਈ www.redirectprogram.ca ਤੇ ਜਾਓ।

## ਡਰੱਗਜ਼ ਅਤੇ ਦਵਾਈਆਂ ਦੀ ਵਰਤੋਂ

ਕੈਨੇਡਾ ਵਿੱਚ ਡਰੱਗਜ਼ ਦੇ ਸਖਤ ਨਿਯਮ ਹਨ। ਕਈ ਡਰੱਗਜ਼ ਗੈਰ-ਕਾਨੂੰਨੀ ਹਨ ਅਤੇ ਕਾਨੂੰਨ ਦੁਆਰਾ ਸਜ਼ਾਯੋਗ ਮੰਨੇ ਜਾਂਦੇ ਹਨ। ਡਰੱਗਜ਼ ਨੂੰ ਰੱਖਣਾ, ਉਸਦੀ ਤਸਕਰੀ, ਜਾਂ ਉਸਦੇ ਉਤਪਾਦਨ ਦਾ ਅੰਜਾਮ ਇਕ ਅਪਰਾਧਿਕ ਰਿਕਾਰਡ ਅਤੇ ਸੰਭਵ ਜੇਲ ਸਮਾਂ ਹੋ ਸਕਦੇ ਹਨ। ਜੇ ਡਰੱਗਜ਼ ਦਾ ਅਪਰਾਧੀ ਪਾਏ ਗਏ ਤਾਂ ਕੁਝ ਖਾਸ ਦੇਸ਼ ਪ੍ਰਵੇਸ਼ ਦੀ ਇਜਾਜ਼ਤ ਨਹੀ ਦੇਣਗੇ।

ਡਰੱਗਜ਼ ਦੀ ਵਰਤੋਂ ਨੁਕਸਾਨਰਹਿਤ ਨਹੀਂ ਹੈ। ਇਸਦੇ ਨਾ ਕੇਵਲ ਉਪਭੋਗਤਾ ਦੇ ਜੀਵਨ ਤੇ, ਬਲਕਿ ਉਸਦੇ ਦੋਸਤਾਂ, ਪਰਿਵਾਰ ਅਤੇ ਉਸਦੇ ਭਾਈਚਾਰੇ ਤੇ ਵੀ ਜੀਵਨ ਬਦਲਣ ਵਾਲੇ ਪ੍ਰਭਾਵ ਹੋ ਸਕਦੇ ਹਨ। ਡਰੱਗਜ਼ ਦੀ ਵਰਤੋਂ ਤੁਹਾਡੇ ਸਰੀਰ ਵਿੱਚ ਲਗਭਗ ਹਰ ਅੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ। ਕੁਝ ਪ੍ਰਭਾਵਾਂ ਵਿੱਚ ਸ਼ਾਮਲ ਹੈ ਇੱਕ ਕਮਜ਼ੋਰ ਇਮਿਊਨ ਸਿਸਟਮ, ਦਿਲ ਦੇ ਹਾਲਾਤ, ਜਿਗਰ ਨੂੰ ਨੁਕਸਾਨ, ਦੌਰੇ, ਸਟਰੋਕ, ਅਤੇ ਦਿਮਾਗ਼ ਨੂੰ ਨੁਕਸਾਨ। ਯਾਦਦਾਸ਼ਤ ਜਾਣਾ, ਆਤਮਹਤਿਆ, ਡਿਪਰੈਸ਼ਨ, ਮੱਤਭ੍ਰਮ, ਵੱਧ ਮਾਤਰਾ ਲੈਣਾ ਅਤੇ ਮੌਤ ਦਾ ਖ਼ਤਰਾ ਵੀ ਹੈ।

ਡਰੱਗਜ਼ ਗੋਲੀਆਂ, ਪਾਊਡਰ, ਤਰਲ, ਕੈਂਡੀ ਜਾਂ ਬੂਟਿਆਂ ਸਮੇਤ ਕਈ ਰੂਪਾਂ ਵਿੱਚ ਆ ਸਕਦੇ ਹਨ। ਇਹ ਕਦੇ ਵੀ ਸਪਸ਼ਟ ਨਹੀਂ ਹੁੰਦਾ ਕਿ ਡਰੱਗਜ਼ ਵਿੱਚ ਕੀ ਹੁੰਦਾ ਹੈ। ਹੋ ਸਕਦਾ ਹੈ ਕਿ ਤੁਸੀਂ ਉਹ ਨਾ ਲੈ ਰਹੇ ਹੋਵੋ ਜੋ ਤੁਸੀਂ ਸੋਚਦੇ ਹੋ ਤੁਸੀਂ ਲੈ ਰਹੇ ਹੋ। ਕੁਝ ਡਰੱਗਜ਼ ਐਂਟੀਫ੍ਰੀਜ਼ ਵਰਗੇ ਖ਼ਤਰਨਾਕ ਪਦਾਰਥਾਂ ਨਾਲ ਬਣੇ ਹੁੰਦੇ ਹਨ।

ਜਦਕਿ ਸਾਰੀਆਂ ਦਵਾਈਆਂ ਖਰਾਬ ਨਹੀਂ ਹੁੰਦੀਆਂ, ਪਰ ਪ੍ਰਿਸਕ੍ਰਿਪਸ਼ਨ ਦਵਾਈਆਂ ਦਾ ਸੇਵਨ ਖ਼ਤਰਨਾਕ ਹੋ ਸਕਦਾ ਹੈ, ਜੇ ਇੱਕ ਮੈਡੀਕਲ ਪੇਸ਼ੇਵਰ ਦੁਆਰਾ ਨਿਰਦੇਸ਼ਿਤ ਢੰਗ ਨਾਲ ਨਾ ਲਈਆਂ ਜਾਣ। ਜੇ ਸਹੀ ਢੰਗ ਨਾਲ ਨਾ ਲਈਆਂ ਜਾਣ, ਪ੍ਰਿਸਕ੍ਰਿਪਸ਼ਨ ਦਵਾਈਆਂ ਦਾ ਸੇਵਨ ਸਰੀਰਕ ਨਿਰਭਰਤਾ ਅਤੇ ਨਸ਼ੇ ਦੀ ਲੱਤ ਵੱਲ ਵੱਧ ਸਕਦਾ ਹੈ। ਕੋਈ ਵੀ ਪ੍ਰਿਸਕ੍ਰਿਪਸ਼ਨ ਦਵਾਈਆਂ ਨੂੰ ਲੈਣ ਤੋਂ ਪਹਿਲਾਂ ਆਪਣੇ ਡਾਕਟਰ ਜਾਂ ਮੈਡੀਕਲ ਪੇਸ਼ੇਵਰ ਜੋ ਪ੍ਰਿਸਕ੍ਰਿਪਸ਼ਨ ਦਵਾਈਆਂ ਦੇਣ ਲਈ ਲਾਇਸੰਸਸ਼ੁਦਾ ਹੈ ਦੇ ਨਾਲ ਗੱਲ ਕਰੋ।

ਜੇ ਤੁਸੀਂ ਪਰਿਵਾਰ ਅਤੇ ਦੋਸਤਾਂ ਦੇ ਵਿਵਹਾਰ ਵਿੱਚ ਬਦਲਾਅ ਦੇਖਦੇ ਹੋ, ਅਤੇ ਤੁਹਾਨੂੰ ਲੱਗਦਾ ਹੈ ਕਿ ਉਹ ਡਰੱਗਜ਼ ਵਰਤ ਰਹੇ ਹਨ, ਜਾਂ ਸੋਚਦੇ ਹੋ ਕਿ ਤੁਸੀਂ ਬਹੁਤ ਜ਼ਿਆਦਾ ਵਰਤ ਰਹੇ ਹੋ, ਤਾਂ ਇੱਕ ਮੈਡੀਕਲ ਪੇਸ਼ੇਵਰ ਨਾਲ ਗੱਲ ਕਰੋ।

ਜੇ ਤੁਸੀਂ ਆਪਣੇ ਖੇਤਰ ਵਿੱਚ ਡਰੱਗ ਡੀਲਰਾਂ ਨੂੰ ਵੇਖਦੇ ਹੋ, ਤਾਂ ਪੁਲਿਸ ਜਾਂ ਕ੍ਰਾਈਮਸਟੌਪਰਜ਼ ਨੂੰ ਸੰਪਰਕ ਕਰੋ।

## ਪੀੜਿਤ ਸੇਵਾਵਾਂ

ਕੈਲਗਰੀ ਪੁਲਿਸ ਸਰਵਿਸ ਵਿਕਟਿਮ ਅਸਿਸਟੈਂਸ ਸਪੋਰਟ ਟੀਮ (ਵੀਏਐਸਟੀ) ਅਪਰਾਧ ਅਤੇ ਸਦਮੇ ਦੇ ਸ਼ਿਕਾਰ ਲੋਕਾਂ ਨੂੰ ਸਹਿਯੋਗ ਦਿੰਦੀ ਹੈ। ਵੀਏਐਸਟੀ 1977 ਤੋਂ ਕੈਲਗਰੀ ਵਿਚ ਹਜ਼ਾਰਾਂ ਅਪਰਾਧ ਅਤੇ ਤ੍ਰਾਸਦੀ ਦੇ ਸ਼ਿਕਾਰ ਲੋਕਾਂ ਲਈ ਸਮਰਥਨ ਦਾ ਇੱਕ ਸਰੋਤ ਰਿਹਾ ਹੈ। ਉਹਨਾਂ ਦੀ ਭੂਮਿਕਾ ਤੁਹਾਡੇ ਦੁਆਰਾ ਅਨੁਭਵ ਕੀਤੇ ਅਪਰਾਧ ਜਾਂ ਤ੍ਰਾਸਦੀ ਦੇ ਪ੍ਰਭਾਵ ਨੂੰ, ਸੁਣਨ ਵਾਲਾ ਕੰਨ ਪ੍ਰਦਾਨ ਕਰਕੇ ਭਾਵਨਾਤਮਕ ਸਹਿਯੋਗ ਦੇਕੇ ਘੱਟ ਕਰਨਾ ਹੈ, ਅਤੇ ਨਾਲ ਹੀ ਵਿਵਹਾਰਿਕ ਸਹਾਇਤਾ ਜਿਵੇਂ ਕਮਿਊਨਿਟੀ ਅਦਾਰਿਆਨੂੰ ਰੈਫਰਲ, ਅਦਾਲਤ ਵਿੱਚ ਗਵਾਹੀ ਲਈ ਤਿਆਰ ਕਰਨਾ ਜਾਂ ਮੁੱਢਲੀ ਸੁਣਵਾਈ ਜਾਂ ਮੁਕੱਦਮੇ ਦੇ ਦੌਰਾਨ ਸੰਗਤ ਕਰਨਾ ਹੈ। ਸਾਰੀਆਸੇਵਾਵਾਂ ਮੁਫ਼ਤ ਅਤੇ ਗੁਪਤ ਹਨ।

ਤੁਸੀਂ ਵਿਕਟਿਮ ਸਪੋਰਟ (ਪੀੜਿਤ ਸਮਰਥਨ) ਵਕੀਲਾਂ ਵਿੱਚੋਂ ਇੱਕ ਨਾਲ ਗੱਲ ਕਰਨ ਲਈ ਕਾਲ ਸੈਂਟਰ ਤੇ ਸੰਪਰਕ ਕਰ ਸਕਦੇ ਹੋ। ਵਿਕਟਿਮ ਸਪੋਰਟ ਐਡਵੋਕੇਟ ਉਹ ਵਲੰਟੀਅਰ ਹਨ ਜੋ ਵਿਅਕਤੀਗਤ ਅਪਰਾਧ ਜਾਂ ਤ੍ਰਾਸਦੀ ਦੇ ਪੀੜਿਤਾਂ ਦੇ ਨਾਲ ਫੋਨ ਤੋਂ ਸੰਪਰਕ ਮੁਹੱਈਆ ਕਰਵਾ ਰਹੇ ਹਨ।

ਫੋਨ: 403-428-8398
ਸੋਮਵਾਰ ਤੋਂ ਵੀਰਵਾਰ ਸਵੇਰੇ 8 ਵਜੇ ਤੋਂ ਸ਼ਾਮ 9 ਵਜੇ ਤੱਕ
ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ

## ਅਤਿਸੰਵੇਦਨਸ਼ੀਲ ਵਿਅਕਤੀ ਸਵੈ-ਰਜਿਸਟਰੀ

ਕੈਲਗਰੀ ਪੁਲਿਸ ਸੇਵਾ ਨੇ ਇੱਕ ਡਾਟਾਬੇਸ ਦਾ ਨਿਰਮਾਣ ਕੀਤਾ ਹੈ ਜਿੱਥੇ ਸਰੀਰਕ, ਮਾਨਸਿਕ ਜਾਂ ਮੈਡੀਕਲ ਹਾਲਤ, ਜਾਂ ਇੱਕ ਵਿਕਾਸ ਸਬੰਧੀ ਅਯੋਗਤਾ ਹੈ ਅਤੇ ਜਿਨ੍ਹਾਂ ਤੇ ਕਿਸੇ ਸੰਕਟ ਸਥਿਤੀ ਵਿੱਚ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੋ ਸਕਦੀ ਹੈ, ਵਾਲੇ ਲੋਕ ਰਜਿਸਟਰ ਕਰ ਸਕਦੇ ਹਨ।

ਜੇਕਰ ਤੁਸੀਂ ਇੱਕ ਕਮਜ਼ੋਰ ਵਿਅਕਤੀ ਹੋ ਜਾਂ ਇੱਕ ਕਮਜ਼ੋਰ ਵਿਅਕਤੀ ਦੀ ਦੇਖ-ਭਾਲ ਕਰਦੇ ਹੋ, ਤਾਂ ਸਾਨੂੰ ਤੁਹਾਡੇ ਤੋਂ ਤੁਹਾਡੀ ਜਾਣਕਾਰੀ ਉਪਲਬੱਧ ਕਰਨ ਦੀ ਲੋੜ ਹੈ। ਤੁਹਾਡੀ ਗੁਪਤਤਾ ਦੀ ਰੱਖਿਆ ਕੀਤੀ ਜਾਵੇਗੀ ਅਤੇ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਕੇਵਲ ਤੁਹਾਨੂੰ ਜਾਂ ਨਜ਼ਦੀਕੀ ਨੂੰ ਖਤਰੇ ਦੀ ਸਥਿਤੀ ਵਿੱਚ ਮਦਦ ਕਰਨ ਲਈ ਪਹਿਲਾ ਉੱਤਰ ਦੇਣ ਵਾਲਿਆਦੁਆਰਾ ਵਰਤੀ ਜਾਏਗੀ।

ਇਹ ਇੱਕ ਸਵੈ-ਰਜਿਸਟਰੀ ਹੈ, ਇਸ ਲਈ ਵਿਅਕਤੀ ਜਾਂ ਉਹਨਾਂ ਦੇ ਦੇਖਭਾਲਕਰਤਾ ਨੂੰ ਉਹਨਾਂ ਦੀ ਜਾਣਕਾਰੀ ਸਿਸਟਮ ਵਿੱਚ ਦਰਜ ਕਰਨੀ ਹੋਵੇਗੀ ਅਤੇ ਇਸ ਨੂੰ ਨਿਯਮਿਤ ਰੂਪ ਨਾਲ ਅੱਪਡੇਟ ਕੀਤਾ ਜਾਣਾ ਚਾਹੀਦਾ ਹੈ। ਸਵੈ-ਰਜਿਸਟਰੀ ਵਿੱਚਲੀ ਜਾਣਕਾਰੀ ਕੇਵਲ ਤਾਂ ਹੀ ਸੰਪਰਕ ਕੀਤੀ ਜਾਵੇਗੀ, ਜਦ ਇੱਕ ਕਮਜ਼ੋਰ ਵਿਅਕਤੀ ਕਿਸੇ ਸੰਕਟਕਾਲੀ ਸਥਿਤੀ ਕਾਰਨ ਖ਼ਤਰੇ ਜਾਂ ਬਿਪਤਾ ਵਿੱਚ ਹੈ, ਅਤੇ ਇਸ ਨੂੰ ਸਿਰਫ ਵਿਅਕਤੀ ਦੀ ਮਦਦ ਕਰਨ ਲਈ ਵਰਤਿਆ ਜਾਵੇਗਾ। ਕੈਲਗਰੀ ਪੁਲਿਸ ਸੇਵਾ, ਫਾਇਰ ਵਿਭਾਗ ਅਤੇ ਐਮਰਜੰਸੀ ਮੈਡੀਕਲ ਸਰਵਿਸਿਜ਼, ਜਿਹਨਾਂ ਨੂੰ ਪੈਰਾਮੈਡਿਕਸ ਵੀ ਕਿਹਾ ਜਾਂਦਾ ਹੈ, ਦੀ ਪਹੁੰਚ ਇਸ ਜਾਣਕਾਰੀ ਤੱਕ ਹੋਵੇਗੀ ਅਤੇ ਇਸ ਨੂੰ ਸੁਰੱਖਿਅਤ ਢੰਗ ਨਾਲ ਕੈਲਗਰੀ ਪੁਲਿਸ ਸੇਵਾ ਦੁਆਰਾ ਸੰਭਾਲਿਆ ਜਾਵੇਗਾ। ਰਜਿਸਟਰੀ ਅਪਰਾਧਿਕ ਪੜਤਾਲ ਦੇ ਨਾਲ ਮਦਦ ਕਰਨ ਲਈ ਵਰਤੀ ਨਹੀਂ ਜਾਵੇਗੀ।

ਹੋਰ ਜਾਣਕਾਰੀ www.calgary.ca/disabilityvpr 'ਤੇ ਜਾਂ vulnerablepersons@calgarypolice.ca ਤੇ ਈ-ਮੇਲ ਕਰਕੇ ਪਾਈ ਜਾ ਸਕਦੀ ਹੈ।

## ਭਰਤੀ

ਕੈਲਗਰੀ ਪੁਲਿਸ ਸੇਵਾ ਭਰਤੀ ਯੂਨਿਟ ਚਾਹੇਗਾ ਕਿ ਸੇਵਾ ਜਿਹੜੇ ਵਿਭਿੰਨ ਭਾਈਚਾਰੇ ਵਿੱਚ ਕੰਮ ਕਰਦੀ ਹੈ ਉਹ ਉਸਨੂੰ ਪ੍ਰਤੀਬਿੰਬਿਤ ਕਰੇ। ਸੀਪੀਐਸ ਸਰਗਰਮੀ ਨਾਲ ਵਿਵਿਧ ਤਜਰਬਿਆਂ ਅਤੇ ਵੱਖ-ਵੱਖ ਭਾਸ਼ਾਵਾਂ ਦੀ ਯੋਗਤਾ ਦੇ ਨਾਲ ਵੱਖ-ਵੱਖ ਭਾਈਚਾਰਿਆਂ ਤੋਂ ਬਿਨੈਕਾਰਾਂ ਦੀ ਤਲਾਸ਼ ਕਰਦਾ ਹੈ।

ਨਿਮਨਤਮ ਯੋਗਤਾ ਵਿੱਚ ਹੇਠਲੇ ਸ਼ਾਮਲ ਹਨ:

- ਗਰੇਡ 12 ਡਿਪਲੋਮਾ ਜਾਂ ਉਸਦੇ ਬਰਾਬਰ (ਜੇ ਸਿੱਖਿਆ ਦੇਸ਼ ਦੇ ਬਾਹਰ ਤੋਂ ਹੈ ਤਾਂ ਇੰਟਰਨੈਸ਼ਨਲ ਕੁਆਲੀਫਿਕੇਸ਼ਨ ਅਸੈਸਮੈਂਟ ਸਰਵਿਸ (IQAS) ਪ੍ਰਾਪਤ ਕਰੋ

  http://work.alberta.ca/immigration/international-qualifications- assessment-service.html)
- ਅਰਜੀ ਦੇ ਸਮੇਂ ਤੇ ਕੈਨੇਡੀਅਨ ਨਾਗਰਿਕ, ਲੈਂਡਿਡ ਇਮੀਗਰੈਂਟ ਸਟੇਟਸ ਜਾਂ ਪਰਮਾਨੈਂਟ ਰੈਜ਼ੀਡੈਂਟ ਸਟੇਟਸ ਅਤੇ ਕੈਨੇਡਾ ਜਾਂ ਸੰਯੁਕਤ ਰਾਜ ਅਮਰੀਕਾ ਵਿੱਚ ਘੱਟੋ ਘੱਟ ਤਿੰਨ ਸਾਲ ਤੋਂ ਰਹਿ ਰਹੇ
- ਉਮਰ ਘੱਟੋ-ਘੱਟ 18 ਸਾਲ

ਹੋਰ ਜਾਣਕਾਰੀ ਲਈ:

ਫੋਨ: 403-428-8483 ਜਾਂ 1-866-277-4473
ਈ-ਮੇਲ: cpsrecruiting@calgarypolice.ca
ਵੈੱਬਸਾਈਟ: join.calgarypolice.ca

ਤੁਸੀਂ ਸਾਡੀ ਵੈਬਸਾਈਟ ਤੇ ਸੂਚੀਬੱਧ ਜਾਣਕਾਰੀ ਸੈਸ਼ਨਾਂ ਵਿੱਚੋਂ ਇੱਕ ਵਿੱਚ ਹਾਜ਼ਰ ਹੋ ਸਕਦੇ ਹੋ।

ਅਸੀਂ ਕਿਸੇ ਨੂੰ ਵੀ ਸਵਾਲਾਂ ਦੇ ਨਾਲ ਸਾਨੂੰ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ, ਜਿਸ ਵਿੱਚ ਉਹ ਲੋਕ ਸ਼ਾਮਲ ਹਨ ਜੋ ਅਪਲਾਈ ਕਰਨ ਵਿੱਚ ਦਿਲਚਸਪੀ ਰੱਖਦੇ ਹਨ, ਨੌਕਰੀ ਦੇ ਬਾਰੇ ਵਿੱਚ ਉਤਸੁਕ ਹਨ ਜਾਂ ਜੇ ਇੱਕ ਦੋਸਤ ਜਾਂ ਪਰਿਵਾਰ ਦਾ ਸਦੱਸ ਵੀ ਅਪਲਾਈ ਕਰਨ ਵਿੱਚ ਦਿਲਚਸਪੀ ਰੱਖਦਾ ਹੈ।

## ਨੌਜਵਾਨਾਂ ਨੂੰ ਪੁਲਿਸਿੰਗ ਵਿੱਚ ਦਿਲਚਸਪੀ

ਕੈਲਗਰੀ ਪੁਲਿਸ ਸੇਵਾ ਵਿੱਚ ਦਿਲਚਸਪੀ ਰੱਖਦੇ ਨੌਜਵਾਨਾਂ ਲਈ ਤਿੰਨ ਪ੍ਰੋਗਰਾਮ ਹਨ:

- ਕੈਲਗਰੀ ਪੁਲਿਸ ਔਗਜ਼ਿਲਰੀ ਕੈਡੇਟ ਪ੍ਰੋਗਰਾਮ
- ਦੀ ਕੈਲਗਰੀ ਪੁਲਿਸ ਕੈਡੇਟ ਕੋਰਪਸ
- ਜੂਨੀਅਰ ਪੁਲਿਸ ਅਕੈਡਮੀ

## ਕੈਲਗਰੀ ਪੁਲਿਸ ਔਗਜ਼ਿਲਰੀ ਕੈਡੇਟ ਪ੍ਰੋਗਰਾਮ

ਕੈਲਗਰੀ ਪੁਲਿਸ ਔਗਜ਼ਿਲਰੀ ਕੈਡੇਟ ਪ੍ਰੋਗਰਾਮ, ਉਹਨਾਂ ਲੋਕਾਂ ਲਈ ਹੈ ਜੋ 18 ਸਾਲ ਤੋਂ ਵੱਧ ਉਮਰ ਦੇ ਹਨ, ਜੋ ਕਿ ਇੱਕ ਕਰੀਅਰ ਦੇ ਤੌਰ 'ਤੇ ਪੁਲਿਸ ਵਿਚ ਦਿਲਚਸਪੀ ਰੱਖਦੇ ਹਨ।

ਔਗਜ਼ਿਲਰੀ ਕੈਡੇਟ ਪ੍ਰੋਗਰਾਮ, ਕੈਲਗਰੀ ਪੁਲਿਸ ਸਰਵਿਸ ਦੇ ਅੰਦਰ ਇੱਕ ਵਿਲੱਖਣ ਕੰਮ ਅਤੇ ਸਿਖਲਾਈ ਪ੍ਰੋਗਰਾਮ ਹੈ, ਜੋ ਲੋਕਾਂ ਨੂੰ ਜ਼ਿਲ੍ਹਾ ਦਫਤਰਾਂ ਵਿੱਚ ਸਹੁੰਧਾਰਕ ਪੁਲਿਸ ਅਧਿਕਾਰੀਆਂ ਦੇ ਨਾਲ ਕੈਲਗਰੀ ਪੁਲਿਸ ਸਰਵਿਸ ਲਈ ਕੰਮ ਕਰਨ ਦਾ ਮੌਕਾ ਦਿੰਦਾ ਹੈ। ਔਗਜ਼ਿਲਰੀ ਕੈਡੇਟ ਪ੍ਰੋਗਰਾਮ ਭੁਗਤਾਨ ਕੀਤੀ ਇੰਟਰਨਸ਼ਿਪ ਵਰਗਾ ਹੈ ਜੋ ਪੈਸੇ ਕਮਾਉਂਦੇ ਅਤੇ ਕੀਮਤੀ ਸਿਖਲਾਈ ਪ੍ਰਾਪਤ ਕਰਦੇ ਹੋਏ ਪੁਲਿਸ ਬਾਰੇ ਗਿਆਨ ਪ੍ਰਦਾਨ ਕਰਦਾ ਹੈ।

ਔਗਜ਼ਿਲਰੀ ਕੈਡਟਸ, ਕੈਲਗਰੀ ਪੁਲਿਸ ਸਰਵਿਸ ਚੀਫ਼ ਕ੍ਰੋਫ਼ੁੱਟ ਲਰਨਿੰਗ ਸੈਂਟਰ, ਵਿੱਚ ਪੰਜ ਹਫਤੇ ਤਨਖਾਹ ਨਾਲ ਟਰੇਨਿੰਗ ਪ੍ਰਾਪਤ ਕਰਦੇ ਹਨ, ਜਿੱਥੇ ਉਹ ਗੱਲਬਾਤ ਕਲਾ, ਰਿਪੋਰਟ ਲਿਖਣ, ਨੋਟ ਲੈਣ ਅਤੇ ਕਮਿਊਨਿਟੀ ਪੁਲਿਸਿੰਗ ਤੇ ਬੁਨਿਆਦੀ ਸਿੱਖਿਆ ਪ੍ਰਾਪਤ ਕਰਦੇ ਹਨ ਜੋ ਕਿ ਜ਼ਿਲ੍ਹਾ ਫਰੰਟ ਕਾਊਂਟਰ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਯੋਗ ਬਣਾਏਗਾ। ਔਗਜ਼ਿਲਰੀ ਕੈਡੇਟਾਂ ਨੂੰ ਡਰਿੱਲ ਅਤੇ ਸਰੀਰਕ ਤੰਦਰੁਸਤੀ ਸਿਖਲਾਈ ਨਾਲ ਜਾਣੂ ਕਰਵਾਇਆ ਜਾਂਦਾ ਹੈ।

ਔਗਜ਼ਿਲਰੀ ਕੈਡਟਸ, ਸਹੁੰਧਾਰੀ ਪੁਲਿਸ ਅਧਿਕਾਰੀਆਂ ਦੀ ਆਵਾਜਾਈ ਟਕਰਾਵਾਂ ਦੀ ਰਿਪੋਰਟਿੰਗ ਦੇ ਨਾਲ ਮਦਦ ਕਰਦੇ ਹਨ, ਜਨਤਾ ਦੀ ਆਮ ਪੁੱਛਗਿੱਛ ਦੇ ਬਾਰੇ ਵਿੱਚ ਉਹਨਾਂ ਨੂੰ ਜਾਣਕਾਰੀ ਅਤੇ ਦਿਸ਼ਾ ਪ੍ਰਦਾਨ ਕਰਕੇ, ਅਤੇ ਕੈਲਗਰੀ ਪੁਲਿਸ ਸਰਵਿਸ ਦੀ ਸਹਾਇਤਾ ਦੇ ਲਈ ਘਟਨਾ ਰਿਪੋਰਟਾਂ ਦੀ ਸ਼ੁਰੂਆਤ ਕਰਕੇ।

ਵਧੇਰੇ ਜਾਣਕਾਰੀ ਲਈ, www.calgarypolicecadets.ca ਜਾਓ।

## ਦੀ ਕੈਲਗਰੀ ਪੁਲਿਸ ਕੈਡੇਟ ਕੋਰਪਸ

ਕੈਡੇਟ ਕੋਰਪਸ, ਕੈਨੇਡੀਅਨ ਮਿਲਟਰੀ ਕੈਡੇਟ ਪ੍ਰੋਗਰਾਮ 'ਤੇ ਅਧਾਰਿਤ ਇਕ ਨੌਜਵਾਨ ਪ੍ਰੋਗਰਾਮ ਹੈ।

ਕੈਲਗਰੀ ਪੁਲਿਸ ਕੈਡੇਟ ਕੋਰਪਸ ਨੌਜਵਾਨਾਂ ਨੂੰ ਇੱਕ ਚੰਗੀ ਟੀਮ ਦੇ ਮਾਹੌਲ ਵਿੱਚ ਹਿੱਸਾ ਲੈਣ ਲਈ ਇੱਕ ਵਿਲੱਖਣ ਮੌਕਾ ਦਿੰਦਾ ਹੈ, ਪੁਲਿਸ ਦੀ ਦੁਨੀਆ ਦਾ ਅਨੁਭਵ ਕਰਦੇ ਹੋਏ। ਇਸਦਾ ਕੇਂਦਰ ਪੁਲੀਸਿੰਗ ਤੇ ਹੁੰਦੇ ਹੋਏ ਨੌਜਵਾਨਾਂ ਨੂੰ ਲੀਡਰਸ਼ਿਪ, ਨਾਗਰਿਕਤਾ, ਸਿੱਖਿਆ, ਸਰੀਰਕ ਤੰਦਰੁਸਤੀ, ਕਾਮਰੇਡੀ ਅਤੇ ਅਨੁਭਵ ਪ੍ਰਦਾਨ ਕਰਨਾ ਹੈ, ਜੋ ਉਹਨਾਂ ਦੇ ਨਿੱਜੀ ਵਿਕਾਸ ਦਾ ਸਮਰਥਨ ਕਰਦਾ ਹੈ। ਜੋ ਨੌਜਵਾਨ ਕੋਰਪਸ ਵਿੱਚ ਸ਼ਾਮਲ ਹੁੰਦੇ ਹਨ, ਉਹ ਸਮਾਜਿਕ ਅਕਾਦਮਿਕ ਅਤੇ ਸਰੀਰਕ ਹੁਨਰ ਵਿਕਸਤ ਕਰਨਗੇ, ਜੋ ਵਿਸ਼ਵਾਸਪੂਰਨ ਅਤੇ ਸਨਮਾਨਿਤ ਵਿਅਕਤੀ ਦਾ ਨਿਰਮਾਣ ਕਰਦਾ ਹੈ। ਸਦੱਸ ਆਪਣੇ ਸਾਥੀਆਂ ਦੀ ਅਗਵਾਈ ਕਰਦੇ ਹਨ, ਨਾ ਸਿਰਫ ਕਾਰਵਾਈ ਅਤੇ ਸ਼ਬਦਾਂ ਦੁਆਰਾ, ਬਲਕਿ ਆਪਣੀ ਮਹਿਜ਼ ਮੌਜੂਦਗੀ ਦੁਆਰਾ। ਕੈਲਗਰੀ ਪੁਲਿਸ ਕੈਡੇਟ ਕੋਰਪਸ ਨੌਜਵਾਨਾਂ ਨੂੰ ਵੱਖ-ਵੱਖ ਪੱਧਰਾਂ ਤੇ ਰੁੱਝਿਆ ਰੱਖਣ ਲਈ ਸਥਾਈ ਪ੍ਰੋਗਰਾਮਾਂ ਨੂੰ ਵਿਕਸਿਤ ਅਤੇ ਲਾਗੂ ਕਰਨ ਲਈ ਸੀਪੀਐਸ ਦੇ ਸਦੱਸਾਂ ਦੇ ਉਪਰਾਲਿਆਂ ਦਾ ਨਤੀਜਾ ਹੈ।

ਕੈਲਗਰੀ ਪੁਲਿਸ ਕੈਡੇਟ ਕੋਰਪਸ ਵਿੱਚ ਸ਼ਾਮਲ ਹੋਣ ਲਈ ਕੋਈ ਵੀ ਲਾਗਤ ਨਹੀਂ ਹੈ, ਅਤੇ ਵਰਦੀ ਅਤੇ ਉਪਕਰਣ ਉਪਲਬੱਧ ਕਰਾਏ ਜਾਂਦੇ ਹਨ।

## ਜੂਨੀਅਰ ਪੁਲੀਸ ਅਕੈਡਮੀ

ਇੱਕ ਹਫ਼ਤਾ-ਲੰਬੀ ਜੂਨੀਅਰ ਪੁਲੀਸ ਅਕੈਡਮੀ 12 ਤੋਂ 16 ਉਮਰ ਵਰਗ ਦੇ ਨੌਜਵਾਨਾਂ ਨੂੰ ਇਹ ਜਾਨਣ ਦਾ ਅਵਸਰ ਦਿੰਦੀ ਹੈ ਕਿ ਇੱਕ ਪੁਲਿਸ ਅਧਿਕਾਰੀ ਹੋਣਾ ਕਿਹੋ ਜਿਹਾ ਹੁੰਦਾ ਹੈ। ਇਹ ਸਾਲ ਵਿੱਚ ਤਿੰਨ ਵਾਰ ਚਲਦੀ ਹੈ, ਸਕੂਲ ਦੀ ਬਸੰਤ ਬਰੇਕ ਦੌਰਾਨ ਅਤੇ ਦੋ ਵਾਰ ਗਰਮੀਆਂ ਵਿੱਚ।

ਜੂਨੀਅਰ ਪੁਲੀਸ ਅਕੈਡਮੀ ਵਿੱਚ ਨੌਜਵਾਨ ਇੱਕ ਕੈਲਗਰੀ ਪੁਲਿਸ ਅਧਿਕਾਰੀ ਦੇ ਜੀਵਨ ਦੇ ਅੰਦਰ ਦੀ ਝਲਕ ਅਨੁਭਵ ਕਰਦੇ ਹਨ। ਉਹਨਾਂ ਨੂੰ ਪੁਲਿਸ ਦੇ ਪਹਿਲੂਆਂ 'ਤੇ ਇੱਕ "ਨੇੜੇ ਦੀ ਝਲਕ" ਦੇਖਣ ਨੂੰ ਮਿਲਦੀ ਹੈ, ਜਿਸ ਵਿੱਚ ਸ਼ਾਮਲ ਹਨ:

- ਐਚਏਡਬਲਿਊਸੀਐਸ (HAWCS) ਹੈਲੀਕਾਪਟਰ
- ਪੁਲਿਸ ਫਾਇਰਆਰਮਜ਼ ਰੇਂਜ
- ਆਊਟਡੋਰ ਪਰਸੂਟ ਡਰਾਇਵਿੰਗ ਟਰੈਕ
- ਡਰੱਗ ਯੂਨਿਟ
- ਅਪਰਾਧ ਸੀਨ ਯੂਨਿਟ
- ਟੈਕਟਿਕਲ ਟੀਮ
- ਟਰੈਫਿਕ ਯੂਨਿਟ ਅਤੇ ਹੋਰ

ਹਫ਼ਤੇ ਦਾ ਅੰਤ ਬੱਚਿਆਂ ਦਾ ਪਰੇਡ ਵਿੱਚ ਮਾਰਚ ਅਤੇ ਉਹਨਾਂ ਦੇ ਸਰਟੀਫਿਕੇਟ ਪ੍ਰਾਪਤ ਕਰਨ ਨਾਲ ਹੁੰਦਾ ਹੈ।

ਇਕ ਨੌਜਵਾਨ ਨੂੰ ਰੈਫਰ ਕਰਨ ਲਈ ਉਹਨਾਂ ਨੂੰ ਇੱਕ ਅਰਜ਼ੀ ਫਾਰਮ ਅਤੇ ਲੇਖ (ਕੋਈ 250 ਸ਼ਬਦਾਂ ਤੋਂ ਵੱਧ ਨਹੀਂ) ਇਹ ਦਸਦੇ ਹੋਏ ਲਿੱਖਣ ਲਈ ਕਹੋ ਕਿ ਉਹ ਕਿਉਂ ਭਾਗ ਲੈਣਾ ਚਾਹੁੰਦੇ ਹਨ। ਅਰਜ਼ੀ ਫਾਰਮ ਅਤੇ ਜਾਣਕਾਰੀ www.calgarypolice.ca 'ਤੇ ਪਾਈ ਜਾਂਦੀ ਹੈ।

ਹੋਰ ਜਾਣਕਾਰੀ ਲਈ, YouthMentorship@calgarypolice.ca ਤੇ ਈਮੇਲ ਕਰੋ।

## ਕੈਲਗਰੀ ਪੁਲਿਸ ਸੇਵਾ ਬਾਰੇ ਸ਼ਲਾਘਾ ਜਾਂ ਚਿੰਤਾਵਾਂ

ਕੈਲਗਰੀ ਪੁਲਿਸ ਸੇਵਾ ਕੈਲਗਰੀ-ਵਾਸੀਆਂ ਦੇ ਲਈ ਮੁਹੱਈਆ ਕਰਾਈਆਂ ਗਈਆਂ ਸੇਵਾਵਾਂ 'ਤੇ ਪ੍ਰਤੀਕਿਰਿਆ ਦੀ ਸਰਾਹਨਾ ਕਰਦੀ ਹੈ। ਜੇ ਤੁਹਾਡਾ ਕੈਲਗਰੀ ਪੁਲਿਸ ਸਰਵਿਸ ਦੇ ਨਾਲ ਇੱਕ ਚੰਗਾ ਤਜਰਬਾ ਹੈ, ਤਾਂ ਕਿਰਪਾ ਕਰਕੇ ਸਾਡੇ ਕਰਮਚਾਰੀਆਂ ਨੂੰ ਦੱਸੋ ਕਿ ਤੁਸੀਂ ਉਹਨਾਂ ਦੇ ਮਹਾਨ ਕੰਮਾਂ ਦੀ ਕਦਰ ਕਰਦੇ ਹੋ। ਤੁਸੀਂ ਸ਼ਲਾਘਾ ਨੂੰ ਸਾਂਝਾ ਕਰ ਸਕਦੇ ਹਨ ਜਾਂ ਨੀਤੀਆਂ, ਸੇਵਾ ਜਾਂ ਇੱਕ ਪੁਲਿਸ ਅਧਿਕਾਰੀ ਦੀ ਪੇਸ਼ੇਵਰ ਮਿਆਰ ਸੈਕਸ਼ਨ ਦੇ ਲਈ ਕਾਰਵਾਈ ਦੇ ਬਾਰੇ ਵਿੱਚ ਹੋ ਸਕਦੀਆਂ ਚਿੰਤਾਵਾਂ ਨੂੰ ਰਿਪੋਰਟ ਕਰ ਸਕਦੇ ਹੋ। ਪੇਸ਼ੇਵਰ ਮਿਆਰ ਸੈਕਸ਼ਨ ਨੂੰ PSS@calgarypolice.ca 'ਤੇ ਈਮੇਲ ਕਰਕੇ ਜਾਂ 403-428-5904' ਤੇ ਫੋਨ ਕਰਕੇ ਸੰਪਰਕ ਕੀਤਾ ਜਾ ਸਕਦਾ ਹੈ।

ਸ਼ਲਾਘਾ ਅਤੇ ਚਿੰਤਾਵਾਂ ਵਿਅਕਤੀਗਤ ਰੂਪ ਨਾਲ ਵੀ ਹੇਠ ਦਿੱਤੇ ਪਤੇ ਤੇ ਸਾਂਝਾ ਕਰ ਸਕਦੇ ਹੋ:

ਕੈਲਗਰੀ ਪੁਲਿਸ ਸੇਵਾ
ਪ੍ਰੋਫੈਸ਼ਨਲ ਸਟੈਂਡਰਡ ਸੈਕਸ਼ਨ # 811
ਵੈਸਟਵਿੰਡਜ਼ ਕੈਮਪਸ ਈਸਟ ਬਿਲਡਿੰਗ
5111 47 ਸਟ੍ਰੀਟ ਐਨ ਈ
ਕੈਲਗਰੀ, ਏਬੀ T3J 3R2
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ

ਜਾਂ

ਕੈਲਗਰੀ ਪੁਲਿਸ ਕਮਿਸ਼ਨ
ਸੁਈਟ 650, 615 ਮੈਕਲਿਓਡ ਟ੍ਰੇਲ ਐਸ ਈ
ਕੈਲਗਰੀ, ਏਬੀ T2G 4T8

ਸ਼ਲਾਘਾ ਜਾਂ ਚਿੰਤਾਵਾਂ pss@calgarypolice.ca ਤੇ ਈਮੇਲ ਕਰਕੇ ਜਾਂ http://www.calgarypolice.ca ਤੇ ਜਾਕੇ ਆਨਲਾਈਨ ਸਾਂਝੇ ਕੀਤੇ ਜਾ ਸਕਦੇ ਹਨ।

# ਸਰੋਤ

## ਕੈਲਗਰੀ ਪੁਲਿਸ ਸੇਵਾ

ਪੁਲਿਸ / ਐਮਬੂਲੈਂਸ / ਫਾਇਰ ਐਮਰਜੈਂਸੀ ........ 9-1-1
ਕੈਲਗਰੀ ਪੁਲਿਸ ਸੇਵਾ ਗੈਰ-ਐਮਰਜੈਂਸੀ ਲਾਈਨ ........ 403-266-1234
ਗੈਂਗ ਹੈਲਪ ਲਾਈਨ........403-428-8191
ਵਿਕਟਿਮ ਅਸੀਸਟੈਂਸ ਸਪੋਰਟ ਟੀਮ........403-428-8390
ਭਰਤੀ........403-428-8483 ਜਾਂ 1-866-277-4473

## ਕੈਲਗਰੀ ਅਤੇ ਅਲਬਰਟਾ ਸਰੋਤ

211 ਅਲਬਰਟਾ (ਭਾਈਚਾਰੇ ਅਤੇ ਸਮਾਜਿਕ ਸੇਵਾਵਾਂ ਲਈ) ........ 2-1-1
311 ਕੈਲਗਰੀ (24 ਘੰਟੇ) ........ 3-1-1
ਹੈਲਥ ਲਿੰਕ (24 ਘੰਟੇ). ........ 8-1-1
ਸੰਕਟ ਕੇਂਦਰ........403-266-4357
ਕਨੈਕਟ ਪਰਿਵਾਰ ਅਤੇ ਜਿਨਸੀ ਸ਼ੋਸ਼ਣ ਨੈੱਟਵਰਕ (24 ਘੰਟੇ)........403-234-7233
ਕਰਬੀ ਬਜ਼ੁਰਗ ਦੁਰਿਵਹਾਰ ਲਾਈਨ (24 ਘੰਟੇ)........403-705-3250
ਕੈਲਗਰੀ ਸਲਾਹ ਸੈਂਟਰ........403-691-5991
ਕਿਡਜ਼ ਹੈਲਪ ਫੋਨ........1-800-688-6868
ਇਮੀਗਰੈਂਟ ਸਰਿਵਿਸਜ਼ ਕੈਲਗਰੀ........403-266-2486
ਕੈਲਗਰੀ ਇਮੀਗਰੈਂਟ ਮਹਿਲਾ ਐਸੋਸੀਏਸ਼ਨ........403-263-4414
ਨਵੇਂ ਆਉਣ ਵਾਲਿਆਂ ਦਾ ਸੈਂਟਰ........403-569-3325

CALGARY POLICE DIVERSITY RESOURCE

CALGARY POLICE SERVICE